Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 17 Monday, January 25, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕਿਸਾਨਾਂ ਦੀ ਗਣਤੰਤਰ ਦਿਵਸ ਟਰੈਕਟਰ ਪਰੇਡ ਨੂੰ ਦਿੱਲੀ ਪੁਲਿਸ ਵਲੋਂ ਮਨਜ਼ੂਰੀ ਮਿਲੀ

## *26 ਜਨਵਰੀ ਨੂੰ ਟਰੈਕਟਰ ਪਰੇਡ ਤਿੰਨ ਥਾਂਵਾਂ ਉੱਤੇ ਨਿਕਲੇਗੀ



ਨਵੀਂ ਦਿੱਲੀ, 24 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਕਰਨ ਵਾਲੇ ਕਿਸਾਨ ਸੰਗਠਨਾਂ ਵੱਲੋਂ 26 ਜਨਵਰੀ ਨੂੰ ਰਿਪਬਲਿਕ ਡੇਅ ਵਾਲੇ ਦਿਨ ਕਿਸਾਨਾਂ ਦੀ 'ਗਣਤੰਤਰ ਦਿਵਸ ਟਰੈਕਟਰ ਪਰੇਡ' ਕਰਨ ਲਈ ਦਿੱਲੀ ਪੁਲਿਸ ਨੇ ਰੂਟ ਮੈਪ ਲਈ ਲਿਖਤੀ ਮਨਜ਼ੂਰੀ ਦੇ ਦਿੱਤੀ ਹੈ। ਉਸ ਦਿਨ ਕਿਸਾਨ ਦਿੱਲੀਵਿੱਚ ਤਿੰਨ ਥਾਵਾਂਤੋਂ ਟਰੈਕਟਰ ਪਰੇਡ ਕੱਢਣਗੇ। ਇਸ ਬਾਰੇਦਿੱਲੀਦੇ ਪੁਲਿਸ ਕਮਿਸ਼ਨਰ ਨੇ ਸਾਰੇ ਅਫਸਰਾਂ ਨੂੰ ਲਿਖਤੀ ਹੁਕਮਦੇ ਦਿੱਤੇ ਹਨ ਕਿ 26 ਜਨਵਰੀ ਦੀ ਪਰੇਡ ਦੇ ਪ੍ਰਬੰਧਾਂ ਦੌਰਾਨ ਕਿਸਾਨ ਟਰੈਕਟਰ ਰੈਲੀ ਬਾਰੇ ਸੁਚੇਤ ਰਹਿਣ।

ਕਈ ਅੜਿੱਕਿਆਂ ਤੋਂ ਬਾਅਦ ਅੱਜ ਇਸ ਸਹਿਮਤੀ ਲਈ ਦਿੱਲੀ ਪੁਲਿਸ ਨਾਲ ਬੈਠਕਪਿੱਛੋਂ ਸਵਰਾਜ ਇੰਡੀਆ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ, "ਦਿੱਲੀ ਪੁਲਿਸ ਦੇ ਅਧਿਕਾਰੀਆਂ ਨਾਲ ਇੱਕ ਛੋਟੀ ਜਿਹੀ ਬੈਠਕ ਹੋਈ ਹੈ ਅਤੇ ਸਾਨੂੰ ਟਰੈਕਟਰ ਰੈਲੀ ਲਈ ਪੁਲਿਸ ਤੋਂ ਰਸਮੀ ਆਗਿਆ ਮਿਲ ਗਈ ਹੈ। ਮੈਂ ਪਹਿਲਾਂ ਕਿਹਾ ਸੀ, 'ਕਿਸਾਨ ਗਣਤੰਤਰ ਪਰੇਡ' 26 ਜਨਵਰੀ ਨੂੰ ਸ਼ਾਂਤਮਈ ਹੋਵੇਗੀ। ਸਾਰੇ ਕਿਸਾਨ ਸਾਥੀ ਆਪਣੀਆਂ ਟਰਾਲੀਆਂ ਲੈ ਕੇ ਬੈਠੇ ਹਨ। ਮੈਂ ਉਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਦਿੱਲੀ ਦੇ ਅੰਦਰ ਸਿਰਫ ਟਰੈਕਟਰ ਲੈ ਕੇ ਆਉਣ, ਟਰਾਲੀਆਂ ਨਾ ਲਿਆਉਣ।"

ਦੂਸਰੇ ਪਾਸੇ ਦਿੱਲੀ ਪੁਲਿਸ ਦੇ ਸਪੈਸ਼ਲ ਕਮਿਸ਼ਨਰ ਦੀਪੇਂਦਰ ਪਾਠਕ ਨੇ ਦੱਸਿਆ ਹੈ ਕਿ 'ਬੀਤੇ 2 ਮਹੀਨਿਆਂ ਤੋਂ ਵਿਰੋਧ ਪ੍ਰਦਰਸ਼ਨ ਚੱਲ ਰਿਹਾ ਹੈ। ਕਿਸਾਨਾਂ ਨਾਲ ਪੰਜ-ਛੇ ਵਾਰ ਟਰੈਕਟਰ ਰੈਲੀ ਬਾਰੇ ਗੱਲਬਾਤਹੋਈ ਹੈ। ਅਸੀਂ ਅਪੀਲ ਕੀਤੀ ਹੈ ਕਿ ਗਣਤੰਤਰ ਦਿਵਸ ਦੇ ਜਸ਼ਨਵਿੱਚ ਕੋਈ ਗੜਬੜੀ ਨਾ ਹੋਵੇ। ਟਰੈਕਟਰ ਰੈਲੀ ਲਈਦਿੱਲੀਦੇ ਤਿੰਨ ਥਾਵਾਂਸਿੰਘੂਬਾਰਡਰ, ਟਿੱਕਰੀ ਬਾਰਡਰ ਅਤੇ ਗਾਜੀਪੁਰ ਬਾਰਡਰਤੋਂ ਕਿਸਾਨਾਂ ਨੂੰ ਆਗਿਆ ਹੋਵੇਗੀ। ਮੀਡੀਆ ਨਾਲ ਗੱਲਬਾਤਦੌਰਾਨਦਿੱਲੀ ਪੁਲਿਸ ਨੇ ਕਿਹਾ ਕਿ ਤਿੰਨ ਰੂਟਾਂ ਵਿੱਚ ਟਿਕਰੀ ਬਾਰਡਰਤੋਂ 63 ਕਿਲੋਮੀਟਰ ਦੇ ਰੂਟ ਉੱਤੇ ਪਰੇਡ ਹੋਵੇਗੀ,ਸਿੰਘੂ ਬਾਰਡਰ ਤੋਂ 62 ਕਿਲੋਮੀਟਰ ਤੇ ਗਾਜ਼ੀਪੁਰ ਬਾਰਡਰ ਤੋਂ 46 ਕਿਲੋਮੀਟਰ ਤੱਕ ਟਰੈਕਟਰ ਪਰੇਡ ਹੋਵੇਗੀ। ਸਿੰਘੂ ਬਾਰਡਰ ਟਰੈਕਟਰ ਪਰੇਡ ਸਿੰਘੂ ਬਾਰਡਰ ਤੋਂ ਚੱਲ ਕੇ ਸੰਜੇ ਗਾਂਧੀ ਟਰਾਂਸਪੋਰਟ, ਕੰਝਾਵਲਾ, ਬਵਾਨਾ, ਓਚੰਦੀ ਦੇ ਰਾਹੀਂ ਹਰਿਆਣਾ ਵਿਚ ਜਾਵੇਗੀ। ਟਿਕਰੀ ਬਾਰਡਰ ਤੋਂ ਟਰੈਕਟਰ ਪਰੇਡ ਨਾਂਗਲੋਈ, ਨਜ਼ਫਗੜ੍ਹ, ਝੜੌਂਦਾ, ਬਾਦਲੀ ਹੁੰਦੇ ਹੋਏ ਕੇ ਐਮ ਪੀ (ਕੁੰਡਲੀ-ਮਾਨੇਸਰ-ਪਲਵਲ ਐਕਸਪ੍ਰੈੱਸਵੇਅ' ਉਤੇ ਚਲੀ ਜਾਵੇਗੀਤੇ ਗਾਜ਼ੀਪੁਰ ਯੂ ਪੀ ਗੇਟ ਤੋਂ ਟਰੈਕਟਰ ਪਰੇਡ ਅਪਸਰਾ ਬਾਰਡਰ ਗਾਜ਼ੀਆਬਾਦ ਦੇ ਰਸਤੇ ਵੱਲੋਂਯੂ ਪੀ ਦੇ ਡਾਸਨਾ ਤੱਕ ਜਾਵੇਗੀ। ਦੀਪੇਂਦਰ ਪਾਠਕ ਨੇ ਕਿਹਾ ਕਿ ਸਾਨੂੰ ਖੁਫੀਆ ਜਾਣਕਾਰੀ ਮਿਲੀ ਹੈ ਕਿ ਟਰੈਕਟਰ ਰੈਲੀ ਵਿੱਚ ਗੜਬੜ ਸਾਜਿਸ਼ ਲਈ ਪਾਕਿਸਤਾਨ ਨੇ 308 ਟਵਿੱਟਰ ਹੈਂਡਲ ਤਿਆਰ ਕੀਤੇ ਹਨ ਤਾਂ ਜੋ ਟਰੈਕਟਰ ਪਰੇਡ ਨੂੰ ਭੰਗ ਕੀਤਾ ਜਾ ਸਕੇ। ਇਸ ਲਈ ਅਧਿਕਾਰੀਆਂ ਤੋਂ ਬਿਨਾ ਕਿਸਾਨ ਆਗੂਆਂ ਨੂੰ ਵੀ ਇਸ ਮੌਕੇ ਸਾਵਧਾਨ ਰਹਿਣ ਨੂੰ ਕਹਿ ਦਿੱਤਾ ਗਿਆ ਹੈ।

# ਐੱਮ ਪੀ ਰਵਨੀਤ ਬਿੱਟੂ ਦਾ ਸਿੰਘੂ ਬਾਰਡਰ ਉੱਤੇ ਕਿਸਾਨਾਂ ਵੱਲੋਂ ਜਬਰਦਸਤ ਵਿਰੋਧ

## * ਧੱਕਾ-ਮੁੱਕੀ ਹੋਈ ਤੇ ਪੱਗ ਵੀ ਲਾਹ ਦਿੱਤੀ ਗਈ



ਨਵੀਂ ਦਿੱਲੀ, 24 ਜਨਵਰੀ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਖਿਲਾਫ਼ ਦਿੱਲੀਦੇਬਾਰਡਰਾਂ ਉੱਤੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਲੁਧਿਆਣਾ ਤੋਂ ਕਾਂਗਰਸੀ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂਦਾਦਿੱਲੀਦੇਸਿੰਘੂਬਾਰਡਰ ਉੱਤੇਅੱਜ ਐਤਵਾਰ ਨੂੰ ਲੋਕਾਂ ਨੇ ਜਬਰਦਸਤ ਵਿਰੋਧ ਕੀਤਾ। ਓਥੇ ਉਨ੍ਹਾਂ ਨਾਲ ਧੱਕਾ-ਮੁੱਕੀ ਕੀਤੀ ਗਈ, ਜਿਸ ਦੌਰਾਨ ਬਿੱਟੂ ਦੀ ਦਸਤਾਰ ਵੀ ਲੱਥ ਗਈ। ਨੌਜਵਾਨ ਕਿਸਾਨਾਂ ਵਿੱਚ ਬਿੱਟੂ ਦੇ ਵਿਰੁੱਧ ਏਨਾ ਗੁੱਸਾ ਸੀ ਕਿ ਰਵਨੀਤ ਸਿੰਘਬਿੱਟੂ ਦੀ ਕਾਰ ਉੱਤੇ ਵੀ ਹਮਲਾ ਕੀਤਾ ਗਿਆ।

ਵਰਨਣ ਯੋਗ ਹੈ ਕਿ ਸਿੰਘੂਬਾਰਡਰ ਉੱਤੇ ਵੱਡੀ ਗਿਣਤੀਵਿੱਚਕਿਸਾਨ ਪਿਛਲੇ 60 ਦਿਨਾਂ ਤੋਂ ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਡਟੇ ਹੋਏ ਹਨ। ਇਸ ਦੌਰਾਨ ਅੱਜ ਓਥੇ ਗਏ ਰਵਨੀਤ ਸਿੰਘਬਿੱਟੂ ਦਾ ਵਿਰੋਧ ਕੀਤਾ ਗਿਆ। ਬਿੱਟੂ ਓਥੇਸਿੰਘੂਬਾਰਡਰ ਉੱਤੇਹੋ ਰਹੀ 'ਕਿਸਾਨ ਸੰਸਦ' ਵਿੱਚ ਹਿੱਸਾ ਲੈਣ ਗਏ ਸਨ। ਕਿਸਾਨ ਸੰਘਰਸ਼ ਵਿੱਚਬੀਤੇ 60 ਦਿਨਾਂ ਦੌਰਾਨ ਅਜੇ ਤੱਕ ਕਿਸੇ ਵੀ ਮੰਤਰੀ ਨੇ ਜਾਣ ਦੀ ਹਿੰਮਤ ਨਹੀਂ ਸੀ ਕੀਤੀ ਤੇ ਅੱਜ ਲੁਧਿਆਣਾ ਹਲਕੇ ਤੋਂ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂਇਸ ਅੰਦੋਲ-ਨਵਿੱਚਜਾ ਪੁੱਜੇ, ਜਿਨ੍ਹਾਂ ਨੂੰ ਵਿਰੋਧ ਝੱਲਣਾ ਪਿਆ। ਇਸ ਤੋਂ ਪਹਿਲਾਂ ਰਵਨੀਤ ਸਿੰਘ ਬਿੱਟੂ ਭਾਰਤ ਸਰਕਾਰ ਦੇ ਖੇਤੀ ਕਾਨੂੰਨ ਰੱਦ ਕਰਾਉਣ ਲਈ ਦਿੱਲੀਦੇ ਜੰਤਰ-ਮੰਤਰਵਿਖੇ ਧਰਨੇ ਉੱਤੇ ਬੈਠੇ ਹੋਏ ਸਨ। ਓਦੋਂ ਵੀਉਨ੍ਹਾਂ ਨੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਸਲਾਹ ਦੇਣ ਲਈਏਦਾਂ ਦਾ ਬਿਆਨ ਦੇਦਿੱਤਾ ਸੀ, ਜਿਹੜਾ ਵਿਵਾਦ ਦਾ ਵਿਸ਼ਾ ਬਣ ਗਿਆ ਸੀ।ਉਸ ਨੇ ਇਹ ਕਿਹਾ ਸੀ ਕਿ ਜੇ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਤਾਂ ਕੇਂਦਰੀ ਮੰਤਰੀਆਂ ਦਾ ਉੱਥੇ ਹੀ ਘਿਰਾਓ ਕਰ ਲਓ। ਅੱਜ ਰਵਨੀਤ ਸਿੰਘ ਬਿੱਟੂ ਦੇ ਨਾਲ ਜ਼ੀਰਾ ਹਲਕੇ ਦੇ ਵਿਧਾਇਕ ਕੁਲਬੀਰ ਸਿੰਘ ਵੀ ਗਏ ਸਨ ਅਤੇ ਉਨ੍ਹਾਂ ਨਾਲ ਵੀ ਧੱਕਾ-ਮੁੱਕੀ ਕੀਤੀ ਗਈ ਹੈ।

...ਬਾਕੀ ਪੰਨਾ 2 'ਤੇ

# ਪਾਕਿ ਨੂੰ ਮਲੇਸ਼ੀਆ ਵਿੱਚ ਜ਼ਬਤ ਜਹਾਜ਼ ਛੁਡਾਉਣ ਲਈ 7 ਮਿਲੀਅਨ ਡਾਲਰ ਦੇਣੇ ਪਏ




ਇਸਲਾਮਾਬਾਦ, 24 ਜਨਵਰੀ, (ਪੋਸਟ ਬਿਊਰੋ)- ਮਲੇਸ਼ੀਆ ਵਿਚ ਪਾਕਿ-ਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ ਆਈ ਏ) ਦਾ ਜਹਾਜ਼ ਜ਼ਬਤ ਕੀਤੇ ਜਾਣ ਦੇ ਇਕ ਹਫਤੇ ਬਾਅਦ ਇਮਰਾਨ ਖਾਨ ਸਰਕਾਰ ਦਾ ਵਿਹਾਰ ਬਦਲਿਆ ਪਿਆ ਹੈ। ਪਾਕਿਸਤਾਨ ਦੀ ਸਰਕਾਰੀ ਹਵਾਬਾਜ਼ ਕੰਪਨੀ ਨੇ ਲੰਡਨ ਹਾਈ ਕੋਰਟ ਨੂੰ ਦੱਸਿਆ ਕਿ ਉਸ ਨੇ ਇਕ ਆਇਰਿਸ਼ ਜੈੱਟ ਕੰਪਨੀ ਨੂੰ 70 ਲੱਖ ਅਮਰੀਕੀ ਡਾਲਰ ਭੁਗਤਾਨ ਕਰ ਦਿਤਾ ਹੈ।

...ਬਾਕੀ ਪੰਨਾ 2 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A to Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

# ਐੱਮ ਪੀ ਰਵਨੀਤ ਬਿੱਟੂ ਦਾ ਸਿੰਘੂ ਬਾਰਡਰ ਉੱਤੇ ਕਿਸਾਨਾਂ ਵੱਲੋਂ ਜਬਰਦਸਤ ਵਿਰੋਧ

...ਪੰਨਾ 1 ਦਾ ਬਾਕੀ



ਇਸ ਘਟਨਾ ਬਾਰੇ ਅਕਾਲੀ ਦਲ ਨੇ ਕਿਹਾ ਹੈ ਕਿ ਕਾਂਗਰਸ ਦੇ ਪਾਰਲੀਮੈਂਟਮੈਂਬਰ ਰਵਨੀਤ ਸਿੰਘ ਬਿੱਟੂ ਰਾਜਸੀ ਲਾਭ ਲੈਣ ਲਈ ਸਿੰਘੂ ਬਾਰਡਰ ਗਏ ਤਾਂ ਹਾਲਾਤ ਵਿਗੜੇ ਹਨ। ਅਕਾਲੀ ਦਲ ਦੇ ਬੁਲਾਰੇ ਅਤੇ ਸੀਨੀਅਰ ਆਗੂ ਡਾਕਟਰ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਿਸਾਨ ਆਗੂਆਂ ਨੇ ਪਹਿਲਾਂ ਹੀ ਕਿਹਾ ਸੀ ਕਿ ਰਾਜਨੀਤਕ ਲੀਡਰ ਏਥੇ ਨਾ ਆਉਣਤੇ ਅਸੀਂ ਵੀ ਉਨ੍ਹਾਂ ਦੀ ਗੱਲ ਦਾ ਸਤਿਕਾਰ ਕੀਤਾ ਅਤੇ ਨਹੀਂ ਗਏ ਤਾਂ ਕਿ ਕਿਸਾਨੀ ਸੰਘਰਸ਼ ਨੂੰ ਰਾਜਸੀ ਰੰਗਤ ਨਾ ਦਿੱਤੀ ਜਾਵੇ, ਪਰ ਇਸ ਮਾਹੌਲ ਵਿੱਚ ਰਵਨੀਤ ਸਿੰਘ ਬਿੱਟੂ ਨੇ ਰਾਜਸੀ ਲਾਭ ਲੈਣ ਖਾਤਰ ਉੱਥੇ ਜਾਣ ਦਾ ਪ੍ਰੋਗਰਾਮ ਬਣਾ ਲਿਆ, ਜਿਸ ਤੋਂ ਮਾਹੌਲ ਖ਼ਰਾਬ ਹੋਇਆ ਹੈ। ਉਨ੍ਹਾਂ ਕਿਹਾ ਕਿ ਰਵਨੀਤ ਸਿੰਘ ਬਿੱਟੂ ਨੂੰ ਉੱਥੇ ਨਹੀਂ ਜਾਣਾ ਚਾਹੀਦਾ ਸੀ, ਜੇ ਇਸੇ ਤਰ੍ਹਾਂ ਹਰ ਪਾਰਟੀ ਦੇ ਆਗੂ ਕਿਸਾਨੀ ਸੰਘਰਸ਼ ਵਿਚ ਦਖ਼ਲ ਦੇਣ ਲੱਗੇ ਤਾਂ ਸੰਘਰਸ਼ ਕਮਜ਼ੋਰ ਹੋਵੇਗਾ, ਇਸ ਲਈ ਮਾਹੌਲ ਨੂੰ ਦੇਖਦੇ ਹੋਏ ਰਾਜਨੀਤਕ ਆਗੂਆਂ ਨੂੰ ਉੱਥੇ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

# ਪਾਕਿ ਨੂੰ ਮਲੇਸ਼ੀਆ ਵਿੱਚ ਜ਼ਬਤ ਜਹਾਜ਼ ਛੁਡਾਉਣ ਲਈ 7 ਮਿਲੀਅਨ ਡਾਲਰ ਦੇਣੇ ਪਏ

...ਪੰਨਾ 1 ਦਾ ਬਾਕੀ

ਪੀ ਆਈ ਏ ਦੇ ਇਸ ਜਹਾਜ਼ ਨੂੰ ਲੀਜ਼ ਦੀ ਰਕਮ ਬਾਰੇ ਵਿਵਾਦ ਹੋਣ ਮਗਰੋਂ ਬੀਤੇ ਹਫਤੇ ਮਲੇਸ਼ੀਆ ਵਿਚ ਜ਼ਬਤ ਕਰ ਲਿਆ ਗਿਆ ਸੀ।

ਦੁਨੀਆ ਟੀਵੀ ਦੀ ਖ਼ਬਰ ਮੁਤਾਬਕਪੀ ਆਈ ਏ ਨੇ ਬੀਤੇ ਸ਼ੁੱਕਰਵਾਰ ਲੰਡਨ ਹਾਈ ਕੋਰਟ ਦੇ ਜੱਜ ਨੂੰ ਦੱਸਿਆ ਕਿ ਉਨ੍ਹਾਂ ਨੇ ਡਬਲਿਨ ਵਿਚਲੀ ਏਅਰਕੈਪ ਵੱਲੋਂ ਲੀਜ਼ ਉੱਤੇ ਲਏ ਗਏ ਦੋ ਜਹਾਜ਼ਾਂ ਦੇ ਕੇਸ ਵਿਚ ਪੈਰੇਗ੍ਰੀਨ ਐਵੀਏਸ਼ਨ ਚਾਰਲੀ ਲਿਮਿਟਿਡ ਨੂੰ ਕਰੀਬ 70 ਲੱਖ ਅਮਰੀਕੀ ਡਾਲਰ ਦੇ ਦਿੱਤੇ ਹਨ। ਖ਼ਬਰ ਮੁਤਾਬਕਪੀ ਆਈ ਏਤੇ ਜਹਾਜ਼ ਦੇਣ ਵਾਲੀ ਏਅਰਲਾਈਨਜ਼ ਦੋਹਾਂ ਦੇ ਵਕੀਲਾਂ ਨੇ ਬੀਤੇ ਸ਼ੁੱਕਰਵਾਰ ਅਦਾਲਤ ਤੋਂ ਇਸ ਕੇਸ ਵਿਚ ਸੁਣਵਾਈ ਦੇ ਲਈ ਅਗਲੀ ਤਾਰੀਖ਼ ਦੇਣ ਦੀ ਅਪੀਲ ਕੀਤੀ ਹੈ, ਜਿਸ ਬਾਰੇ ਹੋਰ ਵੇਰਵੇ ਨਹੀਂ ਮਿਲ ਸਕੇ।

ਏਅਰਕੈਪ ਨੂੰ ਜਹਾਜ਼ਾਂ ਦੇ ਲੀਜ਼ ਦੇ ਪੈਸੇ ਨਾ ਦੇਣ ਕਾਰਨ ਲੋਕਲ ਕੋਰਟ ਦੇ ਹੁਕਮ ਉੱਤੇ ਮਲੇਸ਼ੀਅਨ ਅਧਿਕਾਰੀਆਂ ਨੇ ਪਿਛਲੇ ਹਫਤੇ ਕੁਆਲਾਲੰਪੁਰ ਹਵਾਈ ਅੱਡੇ ਉੱਤੇਪੀ ਆਈ ਏਦਾ ਬੋਇੰਗ-777 ਜਹਾਜ਼ ਜ਼ਬਤ ਕਰ ਲਿਆ ਸੀ ਅਤੇ 70 ਲੱਖ ਡਾਲਰ ਦਿੱਤੇ ਜਾਣ ਮਗਰੋਂ ਆਸ ਹੈ ਕਿ ਅਦਾਲਤ ਵੱਲੋਂਪੀ ਆਈ ਏਖਿਲਾਫ ਕੋਈ ਹੁਕਮ ਪਾਸ ਕੀਤੇ ਹੋਣ ਤੋਂ ਪਹਿਲਾਂ ਹੀ ਸਮਝੌਤੇ ਦੀ ਪੂਰੀ ਰਕਮ ਦੇਦਿੱਤੀ ਜਾਵੇਗੀ। ਡਬਲਿਨ ਵਿਚਲੀ ਏਅਰਕੈਪ ਦੇ ਵਕੀਲ ਨੇ ਇਸ ਅਦਾਲਤ ਨੂੰ ਦੱਸਿਆ ਕਿ ਉਸ ਦੀ ਕਲਾਈਂਟ ਕੰਪਨੀਨੂੰ ਅੱਜਪੀ ਆਈ ਏਵੱਲੋਂਰਕਮ ਮਿਲ ਗਈ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਪੀ ਆਈ ਏ ਨੇ ਪਿਛਲੇ ਸਾਲ ਜੁਲਾਈ ਤੋਂ ਕੋਈ ਭੁਗਤਾਨ ਨਹੀਂ ਕੀਤਾ ਸੀ ਤੇ ਉਸ ਨੇ ਅਸਲੀ ਮਾਲਕ ਕੰਪਨੀ ਨੂੰ ਹਰ ਮਹੀਨੇ ਪੰਜ ਲੱਖ 80 ਹਜ਼ਾਰ ਅਮਰੀਕੀ ਡਾਲਰ ਦੇਣੇ ਹੁੰਦੇ ਸੀ। ਇਹ ਰਕਮ ਨਾ ਦੇਣ ਕਰ ਕੇ ਮਲੇਸ਼ੀਆ ਕਾਰਵਾਈ ਕਰ ਸਕਦਾ ਸੀ। ਇਸ ਮਾਮਲੇ ਵਿੱਚ ਪੀ ਆਈ ਏਦੇ ਵਕੀਲ ਨੇ ਆਪਣੀ ਦਲੀਲ ਦਿੱਤੀ ਕਿ ਕੋਵਿਡ-19 ਮਹਾਮਾਰੀਕਾਰਨ ਹਵਾਬਾਜ਼ੀ ਉਦਯੋਗ ਉੱਤੇ ਗੰਭੀਰ ਅਸਰ ਪਿਆ ਹੈ ਤੇ ਇਸਮਾਹੌਲ ਵਿਚ ਰਾਸ਼ੀ ਵਿਚ ਕਮੀ ਕੀਤੀ ਜਾਣੀ ਚਾਹੀਦੀ ਹੈ। ਜਾਣਕਾਰ ਸੂਤਰਾਂ ਦੇ ਮੁਤਾਬਕ ਲੀਜ਼ ਉੱਤੇ ਜਹਾਜ਼ ਦੇਣ ਵਾਲੀ ਕੰਪਨੀ ਬੜੇ ਚਿਰ ਤੋਂ ਪੀ ਆਈ ਏ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖ ਰਹੀ ਸੀ ਅਤੇ ਜਦੋਂ ਉਸ ਨੂੰ ਇਹ ਜਾਣਕਾਰੀ ਮਿਲੀ ਕਿ ਮਲੇਸ਼ੀਆ ਦੇ ਹਵਾਈ ਅੱਡੇ ਉੱਤੇਪਾਕਿਸਤਾਨ ਦਾ ਜਹਾਜ਼ ਉਤਰਨਾ ਹੈ ਤਾਂ ਉਸ ਨੇ ਜਹਾਜ਼ ਨੂੰ ਜ਼ਬਤ ਕਰਨ ਲਈ ਅੰਤਰਰਾਸ਼ਟਰੀ ਸ਼ਹਿਰੀ ਹਵਾਬਾਜ਼ੀ ਲੀਜ਼ ਕਾਨੂੰਨ ਹੇਠ ਲੋਕਲ ਕੋਰਟ ਵਿਚ ਅਰਜ਼ੀ ਦੇਦਿੱਤੀ। ਏਅਰਲਾਈਨਜ਼ ਨੇ ਇਕ ਬੁਲਾਰੇ ਨੇ ਕਿਹਾ ਕਿ ਬੋਇੰਗ-777 ਜਹਾਜ਼ ਨੂੰ ਲੰਡਨ ਹਾਈ ਕੋਰਟ ਦੇ ਆਦੇਸ਼ ਜਾਰੀ ਕਰਨ ਮਗਰੋਂ ਜ਼ਬਤ ਕੀਤਾ ਗਿਆ ਸੀ।

# ਕੈਨੇਡਾ ਵਿੱਚ ਕਤਲ ਹੋਈ ਕਰੀਮਾ ਬਲੋਚ ਦੀ ਦੇਹ ਪਾਕਿ ਪੁੱਜਦੇ ਸਾਰ ਫ਼ੌਜ ਨੇ ਕਬਜ਼ੇ ਵਿੱਚ ਲਈ

*** ਬਲੋਚ ਲੋਕਾਂ ਵਿੱਚ ਵਿਰੋਧ ਦੀ ਨਵੀਂ ਲਹਿਰ ਸ਼ੁਰੂ**



ਕਰਾਚੀ, 24 ਜਨਵਰੀ, (ਪੋਸਟ ਬਿਊਰੋ)- ਕੈਨੇਡਾ ਵਿੱਚ ਪਿੱਛੇ ਜਿਹੇ ਮਾਰ ਦਿੱਤੀ ਗਈ ਕਰੀਮਾ ਬਲੋਚ ਦੀ ਮ੍ਰਿਤਕ ਦੇਹ ਕਰਾਚੀ ਹਵਾਈ ਅੱਡੇ ਉੱਤੇ ਪੁੱਜਦੇ ਸਾਰ ਅੱਜ ਪਾਕਿਸਤਾਨ ਦੀ ਫੌਜ ਦੇ ਦਸਤਿਆਂ ਨੇ ਉਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਕਿਸੇ ਅਣਦੱਸੀ ਥਾਂ ਉੱਤੇ ਲੈ ਜਾਣ ਕਾਰਨ ਸਨਸਨੀ ਫੈਲ ਗਈ ਹੈ।

ਪਾਕਿਸਤਾਨ ਸਰਕਾਰ ਦੇ ਇਸ ਕਦਮ ਬਾਰੇ ਕਰੀਮਾ ਬਲੋਚ ਦੇ ਭਰਾ ਸਮੀਰ ਮੇਹਰਾਬ ਨੇ ਜਾਣਕਾਰੀ ਦਿੱਤੀ ਅਤੇ ਦੋਸ਼ ਲਾਇਆ ਕਿ ਕਰੀਮਾ ਦੀ ਦੇਹ ਨੂੰ ਲਿਜਾਂਦੇ ਸਮੇਂ ਫ਼ੌਜ ਨੇ ਉਨ੍ਹਾਂ ਦਾ ਪਰਿਵਾਰ ਵੀ ਬੰਦੀ ਬਣਾ ਲਿਆ ਸੀ। ਕਰੀਮਾ ਦੇ ਭਰਾ ਨੇ ਟਵੀਟ ਕੀਤਾ ਕਿ ਭੈਣ ਦੇ ਜ਼ਿੰਦਾ ਹੁੰਦਿਆਂ ਉਸ ਨੂੰ ਪਾਕਿਸਤਾਨੀ ਫ਼ੌਜ ਵੱਲੋਂ ਅਗਵਾ ਕਰ ਲੈਣ ਦਾ ਡਰ ਰਹਿੰਦਾ ਸੀ, ਪਰ ਇਹ ਨਹੀਂ ਪਤਾ ਸੀ ਕਿ ਉਸ ਦੀ ਲਾਸ਼ ਨੂੰ ਵੀ ਫ਼ੌਜ ਅਗਵਾ ਕਰ ਸਕਦੀ ਹੈ।

ਵਰਨਣ ਯੋਗ ਹੈ ਕਿ ਬੀਤੇ ਦਸੰਬਰ ਵਿਚ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿਚ ਕਰੀਮਾ ਬਲਚ ਦਾ ਕਤਲ ਹੋ ਗਿਆ ਸੀ ਅਤੇ ਇਸ ਕਤਲ ਲਈ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਉੱਤੇ ਦੋਸ਼ ਲਾਏ ਗਏ ਸਨ। ਕਰੀਮਾ ਦੀ ਲਾਸ਼ ਦਫ਼ਨਾਉਣ ਲਈ ਅੱਜ ਐਤਵਾਰ ਪਾਕਿਸਤਾਨ ਲਿਆਂਦੀ ਗਈ ਸੀ। ਏਥੇ ਕਰਾਚੀ ਹਵਾਈ ਅੱਡੇ ਉੱਤੇ ਉਤਰਦੇ ਸਾਰ ਬਲੋਚਿਸਤਾਨ ਜਾਣ ਤੋਂ ਪਹਿਲਾਂ ਫ਼ੌਜ ਨੇ ਘੇਰ ਲਿਆ ਅਤੇ ਆਪਣੇ ਛੇ ਵਾਹਨਾਂ ਵਿਚ ਫ਼ੌਜ ਅਚਾਨਕ ਕਰੀਮਾ ਦੀ ਦੇਹ ਅਤੇ ਪਰਿਵਾਰ ਨੂੰ ਬੰਧਕ ਬਣਾ ਕੇ ਅਣਦੱਸੀ ਥਾਂਲੈ ਗਈ, ਪਰ ਬਾਅਦ ਵਿੱਚ ਪਰਵਾਰ ਨੂੰ ਛੱਡ ਦਿੱਤਾ ਤੇ ਲਾਸ਼ ਦਾ ਕੋਈ ਪਤਾ ਨਹੀਂ ਲੱਗਾ।

ਬਲੋਚ ਨੇਤਾ ਲਤੀਫ ਜੌਹਰ ਨੇ ਪਾਕਿਸਤਾਨ ਸਰਕਾਰ ਨੂੰ ਕਰੀਮਾ ਦੀ ਦੇਹ ਪਰਿਵਾਰ ਨੂੰ ਸੌਂਪਣ ਵਾਸਤੇ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦਾ ਗ਼ੈਰ-ਮਨੁੱਖੀ ਕਾਰਾ ਹੈ। ਬਲੋਚ ਸੋਲੀਡੇਰਿਟੀ ਕਮੇਟੀ ਨੇ ਵੀ ਕਰੀਮਾ ਦੀ ਦੇਹ ਨੂੰ ਫੌਜ ਵਾਲੋਂ ਜਬਰੀ ਕਬਜ਼ੇ ਵਿਚ ਲੈਣ ਦੀ ਸਖ਼ਤ ਨਿੰਦਾ ਕੀਤੀ ਅਤੇ ਕਿਹਾ ਹੈ ਕਿ ਕਰੀਮਾ ਦੀ ਦੇਹ ਨੂੰ ਕਰਾਚੀ ਹਵਾਈ ਅੱਡੇ ਤੋਂ ਪੂਰੇ ਸਨਮਾਨ ਨਾਲ ਬਲੋਚਿਸਤਾਨ ਲੈ ਜਾਇਆ ਜਾਣਾ ਸੀ। ਦਸੰਬਰ ਵਿਚ ਕਰੀਮਾ ਦੀ ਦੇਹ ਟੋਰਾਂਟੋ ਦੀ ਇਕ ਝੀਲ ਕੰਢੇ ਮਿਲਣ ਪਿੱਛੋਂ ਇਸਕਤਲ ਦੇ ਵਿਰੁੱਧ ਅਮਰੀਕਾ, ਕੈਨੇਡਾ, ਪਾਕਿਸਤਾਨ ਸਮੇਤ ਕਈ ਦੇਸ਼ਾਂ ਵਿਚ ਜ਼ਬਰਦਸਤ ਪ੍ਰਦਰਸ਼ਨ ਹੋਏ ਸਨ। ਪਾਕਿਸਤਾਨੀ ਮਾਮਲਿਆਂ ਦੇ ਜਾਣਕਾਰ ਤਾਰਿਕ ਫਤਹਿ ਅਤੇ ਬੀ ਬਾਗਮਰ ਨੇ ਕੈਨੇਡਾ ਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਪਾਕਿਸਤਾਨ ਨਾਲ ਡਿਪਲੋਮੈਟਿਕ ਸਬੰਧਾਂ ਉੱਤੇ ਮੁੜ ਵਿਚਾਰ ਕਰੇ।

# ਤਾਈਵਾਨ ਖੇਤਰ ਵਿੱਚ ਤਨਾਅ: ਅਮਰੀਕਾ ਨੇ ਦੱਖਣੀ ਚੀਨ ਸਾਗਰ ਵਿੱਚ ਜੰਗੀ ਬੇੜੇ ਜਾ ਪੁਚਾਏ



ਵਾਸ਼ਿੰਗਟਨ, 24 ਜਨਵਰੀ, (ਪੋਸਟ ਬਿਊਰੋ)- ਚੀਨ ਨੇ ਇੱਕ ਦਿਨ ਪਹਿਲਾਂ ਤਾਈਵਾਨ ਦੇ ਹਵਾਈ ਖੇਤਰ ਵਿਚ ਆਪਣੇ ਲੜਾਕੂ ਜਹਾਜ਼ ਭੇਜੇ ਸਨ, ਜਿਸ ਤੋਂ ਬਾਅਦ ਦੋਵਾਂ ਦੇਸ਼ਾਂ ਦਾ ਤਣਾਅ ਲਗਾਤਾਰ ਵਧ ਰਿਹਾ ਹੈ। ਅਮਰੀਕਾ ਨੇ ਤਾਈਵਾਨ ਦਾ ਸਾਥ ਦਿੰਦਿਆਂ ਅੱਜਦੱਖਣੀ ਚੀਨ ਸਾਗਰ ਵਿਚ ਆਪਣੇ ਜੰਗੀ ਬੇੜੇ ਭੇਜ ਦਿੱਤੇ ਹਨ।

ਤਾਜ਼ਾ ਘਟਨਾ ਕਾਰਨ ਅਮਰੀਕਾ ਦੀ ਨਵੀਂ ਸਰਕਾਰ ਦੇ ਇਸ ਕਦਮ ਤੋਂ ਇਹ ਸੰਕੇਤ ਵੀ ਮਿਲ ਗਏ ਹਨ ਕਿ ਚੀਨ ਵੱਲ ਅਮਰੀਕਾ ਦੀ ਨੀਤੀ ਵਿਚ ਤਬਦੀਲੀ ਨਹੀਂ ਆਈ। ਇਸ ਮੌਕੇ ਅਮਰੀਕੀ ਫੌਜ ਨੇ ਦੱਸਿਆ ਹੈ ਕਿ ਯੂ ਐੱਸ ਐੱਸ ਥਿਓਡੋਰ ਰੂਜ਼ਵੈਲਟ ਜੰਗੀ ਬੇੜੇ ਦੀ ਅਗਵਾਈ ਹੇਠ ਏਅਰਕ੍ਰਾਫਟ ਕੈਰੀਅਰ ਜੰਗੀ ਬੇੜਿਆਂ ਦਾ ਗਰੁੱਪ ‘ਫਰੀਡਮ ਆਫ ਸੀ’ ਨੂੰ ਯਕੀਨੀ ਬਣਾਉਣ ਲਈ ਦੱਖਣੀ ਚੀਨ ਸਾਗਰ ਵਿਚ ਗਿਆ ਹੈ। ਅਮਰੀਕਾ ਨੇ ਇਹ ਕਦਮ ਉਸ ਵਕਤ ਚੁੱਕਿਆ ਹੈ, ਜਦੋਂ ਚੀਨ ਅਤੇ ਤਾਈਵਾਨ ਵਿਚਾਲੇ ਵਿਵਾਦ ਵਧਦਾ ਜਾਪਦਾ ਹੈ। ਅਮਰੀਕਾ ਦੀ ਇੰਡੋ-ਪੈਸੇਫਿਕ ਕਮਾਂਡ ਨੇ ਕਿਹਾ ਹੈ ਕਿ ਜੰਗੀ ਬੇੜਿਆਂ ਦਾ ਗਰੁੱਪ ਸ਼ਨੀਵਾਰ ਦੱਖਣੀ ਚੀਨ ਸਾਗਰ ਵਿਚ ਪਹੁੰਚਿਆ ਸੀ। ਇਹ ਉਹੋ ਦਿਨ ਸੀ, ਜਦੋਂ ਚੀਨ ਨੇ ਆਪਣੇ ਬੰਬ-ਵਰ੍ਹਾਊ ਅਤੇ ਲੜਾਕੂ ਜਹਾਜ਼ ਤਾਈਵਾਨ ਦੇ ਹਵਾਈ ਖੇਤਰ ਵਿਚ ਭੇਜੇ ਸਨ। ਏਅਰਕ੍ਰਾਫਟ ਕੈਰੀਅਰ ਜੰਗੀ ਬੇੜਿਆਂ ਦਾ ਅਮਰੀਕੀ ਗਰੁੱਪ ਉਸੇ ਜਗ੍ਹਾ ਉੱਤੇ ਚਲਾ ਗਿਆ ਹੈ, ਜਿਸ ਨੂੰ ਚੀਨ ਆਪਣਾ ਖੇਤਰ ਦੱਸਦਾ ਹੈ। ਇਸ ਗਰੁੱਪ ਦੇ ਕਮਾਂਡਰ ਡਫ ਵੇਰੀਸਿਮੋ ਨੇ ਕਿਹਾ, ‘ਆਪਣੇ 30 ਸਾਲਾ ਕਰੀਅਰ ਵਿਚ ਇਸ ਪਾਣੀ ਉੱਤੇ ਯਾਤਰਾ ਕਰਨ ਤੋਂ ਬਾਅਦ ਇਕ ਵਾਰ ਫਿਰ ਦੱਖਣੀ ਚੀਨ ਸਾਗਰ ਵਿਚ ਆਉਣਾ, ਰੁਟੀਨ ਆਪ੍ਰੇਸ਼ਨ ਨੂੰ ਯਕੀਨੀ ਕਰਨਾ, ਫ੍ਰੀਡਮ ਆਫ ਸੀ ਦਾ ਪ੍ਰਚਾਰ ਕਰਨਾ ਅਤੇ ਆਪਣੇ ਸਹਾਇਕਾਂ ਨੂੰ ਭਰੋਸੇਵਿੱਚ ਲੈਣਾ ਚੰਗਾ ਲੱਗਦਾ ਹੈ।” ਦੱਖਣੀ ਚੀਨ ਸਾਗਰ ਉਹ ਖੇਤਰ ਹੈ, ਜਿੱਥੋਂ ਦੁਨੀਆ ਦਾ ਦੋ ਤਿਹਾਈ ਵਪਾਰ ਆਉਂਦਾ-ਜਾਂਦਾ ਹੈ। ਇਨ੍ਹਾਂ ਹਾਲਾਤ ਵਿਚ ਇੱਥੇ ਕਿਸੇ ਇਕ ਦੇਸ਼ ਵੱਲੋਂ ਕਬਜ਼ਾ ਸਾਬਤ ਕਰਨਾ ਬਾਕੀ ਸਾਰੇ ਦੇਸ਼ਾਂ ਦੇ ਲਈ ਮੁਸ਼ਕਲਾਂ ਪੈਦਾ ਕਰਦਾ ਹੈ।

# ਨੇਪਾਲ ਦੀ ਸੱਤਾਧਾਰੀ ਪਾਰਟੀ ਨੇ ਪ੍ਰਧਾਨ ਮੰਤਰੀ ਓਲੀ ਨੂੰ ਪਾਰਟੀ ਵਿੱਚੋਂ ਕੱਢਿਆ



ਕਾਠਮੰਡੂ, 24 ਜਨਵਰੀ, (ਪੋਸਟ ਬਿਊਰੋ)- ਨੇਪਾਲ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੂੰ ਅੱਜ ਨੇਪਾਲ ਦੀ ਕਮਿਊਨਿਸਟ ਪਾਰਟੀਤੋਂ ਕੱਢਦਿੱਤਾ ਗਿਆ। ਇਹ ਫੈਸਲਾ ਪਾਰਟੀ ਦੀ ਕੇਂਦਰੀ ਕਮੇਟੀ ਦੀ ਬੈਠਕ ਨੇ ਲਿਆ। ਬੀਤੇ ਸ਼ੁੱਕਰਵਾਰ ਪ੍ਰਧਾਨ ਮੰਤਰੀ ਦੇ ਵਿਰੋਧੀ ਧੜੇ ਦੇ ਆਗੂਆਂ ਨੇ ਓਲੀ ਦੀ ਮੈਂਬਰਸ਼ਿਪ ਰੱਦ ਕਰਨ ਦੀ ਧਮਕੀ ਦੇ ਦਿੱਤੀ ਸੀ। ਪ੍ਰਧਾਨ ਮੰਤਰੀ ਓਲੀ ਦੇਵਿਰੋਧੀ ਗਰੁੱਪ ਦੇ ਆਗੂ ਤੇ ਕਾਰਕੁੰਨ ਮਹੀਨੇ ਵਿੱਚ ਦੂਸਰੀ ਵਾਰ ਸੜਕਾਂ ਉੱਤੇ ਉਤਰ ਆਏ ਸਨ ਅਤੇ ਉਹ ਪਿਛਲੇ ਸਾਲ 20 ਦਸੰਬਰ ਨੂੰ ਪਾਰਲੀਮੈਂਟ ਭੰਗ ਕਰਨ ਦੇ ਫੈਸਲੇ ਤੋਂ ਨਾਰਾਜ਼ ਸਨ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਨੇ ਪਾਰਲੀਮੈਂਟ ਭੰਗ ਕਰ ਕੇ ਇਸ ਸਾਲ ਅਪ੍ਰੈਲ-ਮਈਵਿੱਚ ਚੋਣਾਂ ਕਰਾਉਣ ਦਾ ਐਲਾਨ ਕੀਤਾ ਸੀ। ਉਸ ਦੇ ਫੈਸਲੇ ਨੂੰ ਰਾਸ਼ਟਰਪਤੀ ਬਿਦਿਆ ਦੇਵੀ ਭੰਡਾਰੀ ਨੇ ਮਨਜ਼ੂਰ ਕਰ ਲਿਆ ਸੀ। ਬੀਤੇ ਸ਼ੁੱਕਰਵਾਰ ਸਾਬਕਾ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਿਲ ‘ਪ੍ਰਚੰਡ’ ਦੀ ਅਗਵਾਈ ਵਾਲੀ ਐਨਸੀਪੀ ਦੇ ਧੜੇ ਨੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਉੱਤੇ ਦਬਾਅ ਪਾਉਣ ਲਈ ਵੱਡਾ ਪ੍ਰਦਰਸ਼ਨ ਕਰ ਕੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਵੱਲੋਂ ਪਾਰਲੀਮੈਂਟ ਨੂੰ ਗੈਰ ਕਾਨੂੰਨੀ ਢੰਗ ਨਾਲ ਭੰਗ ਕਰਨਾ ਦੇਸ਼ਵਿੱਚ ਬੜੀ ਮੁਸ਼ਕਲ ਨਾਲ ਪ੍ਰਾਪਤ ਕੀਤੀ ਕੇਂਦਰੀ ਲੋਕਤੰਤਰੀ ਗਣਤੰਤਰ ਪ੍ਰਣਾਲੀ ਲਈ ਗੰਭੀਰ ਖ਼ਤਰਾ ਹੈ। ਪੁਸ਼ਪ ਦਹਲ ਪ੍ਰਚੰਡ ਨੇ ਐਨਸੀਪੀ ਦੇ ਆਪਣੇ ਧੜੇ ਦੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਓਲੀ ਨੇ ਆਪਣੀ ਪਾਰਟੀ ਦੇ ਸੰਵਿਧਾਨ ਤੇ ਪ੍ਰਕਿਰਿਆਵਾਂ ਦੀ ਉਲੰਘਣਾ ਕੀਤੀ, ਨੇਪਾਲ ਦੇ ਸੰਵਿਧਾਨ ਦੀ ਉਲੰਘਣਾ ਕੀਤੀ ਤੇ ਲੋਕਤੰਤਰੀ ਗਣਤੰਤਰ ਪ੍ਰਣਾਲੀ ਦੇ ਵਿਰੁੱਧ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਓਲੀ ਦੇ ਕਦਮਾਂ ਨਾਲ ਲੋਕ ਵਿਰੋਧ ਕਰਨ ਲਈ ਮਜ਼ਬੂਰ ਹੋਏ ਹਨ ਤੇ ਅੱਜਪੂਰਾ ਦੇਸ਼ ਪਾਰਲੀਮੈਂਟ ਭੰਗ ਕਰਨ ਦੇ ਵਿਰੁੱਧ ਹੈ। ਇਸ ਪ੍ਰਦਰਸ਼ਨਵਿੱਚ 25 ਹਜ਼ਾਰ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ।



## ਅੱਜ ਨਾਮਾ

ਬਚ ਕੇ ਰਿਹੋ ਕਿਸਾਨਾਂ ਦੇ ਲੀਡਰੋ ਬਈ,
ਚੁਆਤੀ ਕੋਈ ਨਾ ਪਾਸਿਉਂ ਲਾਏ ਬੇਲੀ।
ਬੰਦਾ ਬਾਹਰ ਦਾ ਭੀੜ ਦੇ ਵਿੱਚ ਮਿਲ ਕੇ,
ਕਾਂਟੀ ਮਾਰ ਕੇ ਖਿਸਕ ਨਹੀਂ ਜਾਏ ਬੇਲੀ।
ਫਸੀ ਹੋਈ ਸਰਕਾਰ ਆ ਬੜੀ ਲੱਗਦੀ,
ਜੀਹਦੇ ਤੇਵਰ ਨਾ ਜਾਣ ਛਿਪਾਏ ਬੇਲੀ।
ਡਿੱਠਾ ਕੋਈ ਨਾ ਜਿਹੜਾ ਸਰਕਾਰ ਤੋੜੀਂ,
ਜਾ ਕੇ ਅਕਲ ਦੀ ਬਾਤ ਸਮਝਾਏ ਬੇਲੀ।
ਛੱਬੀ ਤੀਕਰ ਆ ਚਿੰਤਾ ਦਾ ਸਮਾਂ ਬੇਲੀ,
ਬੜੀ ਆ ਵੱਡੀ ਹਲੀਮੀ ਦੀ ਲੋੜ ਬੇਲੀ।
ਪਾਉਂਦਾ ਫਿਕਰ ਜਵਾਨਾਂ ਦਾ ਜੋਸ਼ ਵੱਡਾ,
ਜਾਵੇ ਸਬਰ ਦਾ ਕੰਢਾ ਨਹੀਂ ਤੋੜ ਬੇਲੀ।

**ਤੀਸ ਮਾਰ ਖਾਂ**

# ਟਰੰਪ ਦੇ ਵਿਰੁੱਧ ਮਹਾਂਦੋਸ਼ ਦੀ ਕਾਰਵਾਈ ਸੈਨੇਟ ਵਿੱਚ 8 ਫਰਵਰੀ ਤੋਂ ਸ਼ੁਰੂ ਹੋਵੇਗੀ



ਵਾਸ਼ਿੰਗਟਨ, 24 ਜਨਵਰੀ, (ਪੋਸਟ ਬਿਊਰੋ)-ਅਮਰੀਕੀ ਪਾਰਲੀਮੈਂਟ ਦੇ ਉਤਲੇ ਹਾਊਸ ਸੈਨੇਟ ਵਿੱਚ ਡੈਮੋਕ੍ਰੇਟਿਕ ਨੇਤਾ ਸ਼ੁਮਰ ਨੇ ਐਲਾਨ ਕੀਤਾ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਮਹਾਦੋਸ਼ ਦਾ ਮੁਕੱਦਮਾ 8 ਫਰਵਰੀ ਤੋਂ ਸ਼ੁਰੂ ਹੋਵੇਗਾ ਅਤੇ ਹੇਠਲੇ ਹਾਊਸ ਪ੍ਰਤੀਨਿਧੀ ਸਭਾ ਵਿੱਚ ਇਹ ਪ੍ਰਕਿਰਿਆ ਸੋਮਵਾਰ ਤੋਂਸ਼ੁਰੂ ਹੋ ਜਾਵੇਗੀ।

ਡੈਮੋਕ੍ਰੇਟਿਕ ਲੀਡਰ ਦੇਇਸ ਬਿਆਨ ਤੋਂ ਸਾਫ਼ ਹੋ ਗਿਆ ਹੈ ਕਿ ਰਾਸ਼ਟਰਪਤੀ ਅਹੁਦੇ ਤੋਂ ਹਟਣ ਪਿੱਛੋਂ ਵੀ ਟਰੰਪ ਦੀਆਂ ਮੁਸ਼ਕਲਾਂ ਘੱਟ ਨਹੀਂ ਹੋਈਆਂ। ਖਬਰ ਏਜੰਸੀ ਨੇ ਡੈਮੋਕ੍ਰੇਟਿਕ ਨੇਤਾ ਦੇ ਹਵਾਲੇ ਨਾਲ ਕਿਹਾ ਕਿ ਅਸੀਂ ਸਾਰੇ ਆਪਣੇ ਦੇਸ਼ ਦੇ ਇਤਿਹਾਸ ਵਿੱਚ ਇਸ ਮੁਹਿੰਮ ਨੂੰ ਪਿੱਛੇ ਰੱਖਣਾ ਚਾਹੁੰਦੇ ਹਾਂ, ਪਰ ਦੇਸ਼ ਦੀ ਏਕਤਾ ਲਈ ਜ਼ਰੂਰੀ ਹੈ ਕਿ ਸੱਚਾਈ ਤੇ ਜਵਾਬਦੇਹੀ ਤੈਅ ਕੀਤੀ ਜਾਵੇ, ਜਦ ਕਿ ਟਰੰਪ ਇਸ ਵਕਤ ਦੇਸ਼ ਦੇ ਰਾਸ਼ਟਰਪਤੀ ਨਹੀਂ ਹਨ।

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ ਮਹਾਦੋਸ਼ ਮਤਾ ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ, ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼, ਤੋਂ ਪਾਸ ਹੋ ਚੁੱਕਾ ਹੈ ਤੇ ਅਗਲੀ ਪ੍ਰਕਿਰਿਆ ਸੈਨੇਟ ਵਿੱਚ ਹੋਵੇਗੀ। ਟਰੰਪ ਉੱਤੇਬੀਤੀ 6 ਜਨਵਰੀ ਨੂੰ ਕੈਪੀਟਲ ਹਿਲ (ਅਮਰੀਕੀ ਪਾਰਲੀਮੈਂਟ) ਉੱਤੇ ਹਮਲਾ ਕਰਨ ਲਈ ਭੀੜ ਨੂੰ ਉਕਸਾਉਣ ਦਾ ਦੋਸ਼ ਹੈ। ਹੇਠਲੇ ਹਾਊਸ ਵਿੱਚ ਮਹਾਂਦੋਸ਼ ਦਾ ਮਤਾ 197 ਦੇ ਮੁਕਾਬਲੇ 232 ਵੋਟਾਂ ਵਿੱਚੋ ਪਾਸ ਹੋ ਗਿਆ ਸੀ। ਇਸ ਕਾਰਵਾਈ ਦੌਰਾਨ ਟਰੰਪ ਦੀ 10 ਰਿਪਬਲਿਕ ਪਾਰਟੀ ਦੇ ਦਸ ਮੈਂਬਰਾਂ ਨੇ ਵੀ ਮਤੇ ਪੱਖ ਵਿੱਚ ਵੋਟ ਪਾਈ ਸੀ। ਹੇਠਲੇ ਹਾਊਸ ਵਿੱਚ ਡੈਮੋਕ੍ਰੇਟਿਕ ਪਾਰਟੀ ਦਾ ਬਹੁਮਤ ਹੋਣ ਕਾਰਨ ਓਥੇ ਮਹਾਦੋਸ਼ ਮਤਾ ਪਾਸ ਹੋਣਾ ਇਕ ਰਸਮ ਸੀ। ਅੱਗੋਂ ਮਾਮਲਾ ਸੈਨੇਟਦਾ ਹੈ, ਜਿੱਥੇ ਟਰੰਪ ਨੂੰ ਦੋਸ਼ੀ ਠਹਿਰਾਉਣ ਲਈ ਦੋ ਤਿਹਾਈ ਬਹੁਮਤ ਦੀ ਲੋੜ ਹੋਵੇਗੀ। ਮਹਾਦੋਸ਼ ਮਤਾ ਪਾਸ ਕਰਨ ਦੇ ਲਈ ਘੱਟੋ-ਘੱਟ 17 ਰਿਪ-ਬਲਿਕ ਮੈਂਬਰਾਂ ਨੂੰ ਵੀ ਇਸ ਦੇ ਪੱਖ ਵਿੱ-ਚਵੋਟ ਪਾਉਣੀ ਹੋਵੇਗੀ, ਜਦ ਕਿ 20 ਰਿਪਬਲਿਕ ਸੈਨੇਟਰ ਇਸ ਵਕਤ ਤੱਕ ਸਾਬਕਾ ਰਾਸ਼ਟਰਪਤੀ ਨੂੰ ਦੋਸ਼ੀ ਠਹਿਰਾਉਣ ਲਈ ਰਾਜ਼ੀ ਹੋ ਚੁੱਕੇ ਹਨ।

# ਫੇਸਬੁੱਕ ਦਾ ਡਾਟਾ ਚੋਰੀ: ਕੈਂਬਰਿਜ ਐਨਾਲਿਟਿਕਾ ਖ਼ਿਲਾਫ਼ ਜਾਂਚ ਏਜੰਸੀ ਸੀ ਬੀ ਆਈ ਵੱਲੋਂ ਕੇਸ ਦਰਜ



ਨਵੀਂ ਦਿੱਲੀ, 24 ਜਨਵਰੀ, (ਪੋਸਟ ਬਿਊਰੋ)- ਭਾਰਤ ਦੇਫੇਸਬੁੱਕ ਯੂਜ਼ਰਜ਼ ਦੇ ਨਿੱਜੀ ਡਾਟਾ ਦੀ ਚੋਰੀ ਕਰਨ ਦੇ ਮਾਮਲੇ ਵਿੱਚ ਬ੍ਰਿਟੇਨ ਦੀ ਕੰਪਨੀ ਕੈਂਬਰਿਜ ਐਨਾਲਿਟਿਕਾ ਅਤੇ ਗਲੋਬਲ ਸਾਇੰਸ ਰਿਸਰਚ ਲਿਮਟਿਡ ਵਿਰੁੱਧਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਕੇਸ ਦਰਜ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਇਸ ਕੇਸ ਵਿੱਚ ਮੁੱਢਲੀ ਜਾਂਚ ਤੋਂ ਬਾਅਦ ਅਮਲ ਵਿੱਚ ਲਿਆਂਦੀ ਗਈ ਹੈ। ਇਸਦੌਰਾਨ ਪਤਾ ਲੱਗਾ ਹੈ ਕਿ ਗਲੋਬਲ ਸਾਇੰਸ ਰਿਸਰਚ ਨੇ ਇਕ ਐਪ ਬਣਾਇਆ ਸੀ, ਜਿਸਨੂੰਸਾਲ 2014 ਵਿੱਚਫੇਸਬੁੱਕਨੇ ਆਪਣੇ ਯੂਜ਼ਰਜ਼ ਦੇ ਖ਼ਾਸ ਡਾਟਾ ਨੂੰ ਰਿਸਰਚ ਤੇ ਐਜੂਕੇਸ਼ਨਲ ਉਦੇਸ਼ਾਂ ਲਈ ਇਕੱਠੇ ਕਰਨ ਲਈ ਅਧਿਕਾਰਤ ਕੀਤਾ ਗਿਆ ਸੀ।

ਸੀ ਬੀ ਆਈ ਅਧਿਕਾਰੀਆਂ ਨੇ ਕਿਹਾ ਕਿ ਇਸ ਕੰਪਨੀ ਨੇ ਇਸ ਤੋਂ ਬਾਅਦ ਕੈਂਬਰਿਜ ਐਨਾਲਿਟਿਕਾ ਨਾਲ ਇਕ ਅਪਰਾਧਿਕ ਸਾਜਿਸ਼ ਰਚੀ ਅਤੇ ਕਾਰੋਬਾਰੀ ਕੰਮਾਂ ਲਈ ਡਾਟਾ ਦੀ ਵਰਤੋਂ ਦੀ ਮਨਜ਼ੂਰੀ ਦੇਣ ਨਾਲ ਇਸ ਐਪ ਦੀ ਵਰਤੋਂ ਕਰਕੇ ਇਕੱਠੇ ਕੀਤੇ ਅੰਕੜਿਆਂ ਨੂੰ ਬਚਾਉਣ ਮਗਰੋਂ ਉਨ੍ਹਾਂ ਨੂੰ ਨਸ਼ਟ ਕਰ ਦਿੱਤਾਸੀ। ਇਸ ਬਾਰੇ ਸੀਬੀਆਈ ਜਾਂਚ ਵਿੱਚ ਕਿਸੇ ਵੀ ਡਾਟਾ ਨੂੰ ਨਸ਼ਟ ਕਰਨ ਦਾ ਕੋਈ ਸਬੂਤ ਨਹੀਂ ਮਿਲਿਆ। ਜਾਂਚ ਮਗਰੋਂ ਦਰਜ ਕੀਤੀ ਜਾ ਚੁੱਕੀ ਸ਼ਿਕਾਇਤ ਦਾ ਹਵਾਲਾ ਦਿੰਦੇ ਹੋਏ ਇਕ ਅਧਿਕਾਰੀ ਨੇ ਕਿਹਾ ਕਿ ਪਹਿਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬ੍ਰਿਟੇਨ ਦੀ ਗਲੋਬਲ ਸਾਇੰਸ ਰਿਸਰਚ ਲਿਮਟਿਡ ਨੇ ਐਪ ਯੂਜ਼ਰਜ਼ ਅਤੇ ਉਨ੍ਹਾਂ ਦੇ ਫੇਸਬੁੱਕ ਫਰੈਂਡਸ ਦੇ ਡਾਟਾ ਦੀ ਬੇਈਮਾਨੀ ਅਤੇ ਧੋਖੇ ਨਾਲ ਵਰਤੋਂ ਕੀਤੀ ਹੈ। ਭਾਰਤ ਦੇ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਸਾਲ 2018 ਵਿੱਚ ਕਿਹਾ ਸੀ ਕਿ ਸੀ ਬੀ ਆਈ ਜਾਂਚ ਕਰੇਗੀ ਕਿ ਕੀ ਬ੍ਰਿਟਿਸ਼ ਕੰਪਨੀਕੈਂਬਰਿਜ ਐਨਾਲਿਟਕਾ ਨੇ 2014 ਦੀਆਂ ਆਮ ਚੋਣਾਂ ਵੇਲੇ ਚੋਣ ਪ੍ਰਕਿਰਿਆ ਵਿੱਚ ਹੇਰਾਫੇਰੀਦੇ ਲਈ ਕਾਨੂੰਨਾਂ ਦਾ ਉਲੰਘਣ ਕੀਤਾ ਸੀ ਜਾਂ ਨਹੀਂ। ਸੀ ਬੀ ਆਈ ਇਸਤੋਂ ਪਹਿਲਾਂ ਕੈਂਬਰਿਜਐਨਾਲਿਟਿਕਾ ਅਤੇ ਫੇਸਬੁੱਕਵੱਲੋਂ ਸ਼ੇਅਰ ਕੀਤੇ ਗਏ ਵੇਰਵਿਆਂ ਦੀ ਜਾਂਚ ਵੀ ਕਰ ਚੁੱਕੀ ਹੈ।

# ਆਮ ਆਦਮੀ ਪਾਰਟੀ ਦਾ ਵਿਧਾਇਕ ਸੋਮਨਾਥ ਭਾਰਤੀ ਕੁੱਟਮਾਰ ਲਈ ਦੋਸ਼ੀ ਕਰਾਰ ਦਿੱਤਾ ਗਿਆ

* ਮਾਮਲਾ ਏਮਜ਼ ਦੇ ਕਰਮਚਾਰੀ ਨਾਲ ਝਗੜੇ ਦਾ



ਨਵੀਂ ਦਿੱਲੀ, 24 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮਨਾਥ ਭਾਰਤੀ ਨੂੰ ਦਿੱਲੀ ਦੀ ਇਕ ਅਦਾਲਤ ਨੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦੇ ਸਕਿਓਰਟੀ ਗਾਰਡ ਉੱਤੇ ਹਮਲੇ ਦਾ ਦੋਸ਼ੀ ਮੰਨਿਆ ਹੈ।ਅੱਜ ਅਦਾਲਤ ਨੇ 2016 ਦੇ ਇਸ ਕੇਸ ਵਿੱਚ ਫੈਸਲਾ ਸੁਣਾਇਆ ਹੈ।

ਸੋਮਨਾਥ ਭਾਰਤੀ ਉੱਤੇ ਏਮਜ਼ ਦੇ ਸੁਰੱਖਿਆ ਕਰਮਚਾਰੀ ਉੱਤੇ ਹਮਲਾ ਕਰਨ ਦਾ ਦੋਸ਼ ਲੱਗਾ ਸੀ। ਅਦਾਲਤ ਨੇ ਇਸੇ ਕੇਸ ਦੇ ਚਾਰ ਹੋਰ ਦੋਸ਼ੀਆਂ ਨੂੰ ਛੱਡਦਿੱਤਾ ਹੈ।ਚਾਰ ਸਾਲ ਪੁਰਾਣੇ ਇਸ ਕੇਸ ਬਾਰੇ ਕਿਹਾਗਿਆ ਹੈ ਕਿ ਸੋਮਨਾਥ ਭਾਰਤੀ ਦਿੱਲੀ ਦੇ ਪਹਿਲੇ ਅਜਿਹੇ ਮੰਤਰੀ ਹਨ, ਜਿਨ੍ਹਾਂ ਨੂੰ ਅਦਾਲਤ ਵੱਲੋਂ ਸਜ਼ਾ ਦਿੱਤੀ ਜਾਏਗੀ। ਸੋਮਨਾਥ ਭਾਰਤੀ ਉੱਤੇ ਸਾਲ 2016 ਵਿਚ ਇਸ ਕੇਸ ਵਿਚ ਏਮਜ਼ ਦੇ ਇੱਕ ਮੁਲਾਜ਼ਮ ਦੀ ਕੁੱਟਮਾਰ ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਦੇ ਦੋਸ਼ ਲਾਏ ਗਏ ਸਨ, ਜਿਸ ਵਿਚ ਅੱਜ ਅਦਾਲਤ ਨੇ ਉਸ ਨੂੰ ਦੋਸ਼ੀ ਕਰਾਰ ਦਿੱਤਾ ਹੈ।

ਉਂਜ ਸੋਮਨਾਥ ਭਾਰਤੀ ਨੂੰ ਇਸ ਹਫਤੇਵਿੱਚ ਉੱਤਰ ਪ੍ਰਦੇਸ਼ ਪੁਲਿਸ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥਦੇ ਵਿਰੁੱਧ ਟਿਪਣੀ ਕਰਨ ਲਈ ਵੀ ਗ੍ਰਿਫਤਾਰ ਕੀਤਾ ਸੀ। ਉਸ ਨੂੰ ਕਈ ਦਿਨ ਅਤੇ ਰਾਤਾਂ ਹਿਰਾਸਤ ਵਿਚ ਗੁਜ਼ਾਰਨੇ ਪਏ ਅਤੇ ਬਾਅਦ ਵਿੱਚ ਸ਼ਰਤਾਂ ਨਾਲ ਜ਼ਮਾਨਤ ਦਿੱਤੀ ਗਈ ਸੀ। ਸੋਮਨਾਥ ਭਾਰਤੀ ਉੱਤੇ ਅਮੇਠੀ ਅਤੇ ਰਾਏਬਰੇਲੀ ਵਿਚ ਦੋ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿਚੋਂ ਇਕ ਦੀ ਸੁਣਵਾਈ ਹੋ ਰਹੀ ਹੈ।

# ਤੁਰਕੀ ਵੱਲੋਂ ਕੱਢ ਦਿੱਤੇ ਗਏ 40 ਪਾਕਿਸਤਾਨੀ ਨਾਗਰਿਕ ਹਵਾਈ ਅੱਡੇ ਉੱਤੇ ਰਹਿਣ ਲਈ ਮਜਬੂਰ



ਅੰਕਾਰਾ, 24 ਜਨਵਰੀ, (ਪੋਸਟ ਬਿਊਰੋ)- ਤੁਰਕੀ ਸਰਕਾਰ ਨੇ ਦੇਸ਼ ਵਿੱਚ ਗੈਰ ਕਾਨੂੰਨੀ ਰਹਿੰਦੇ 40 ਪਾਕਿਸਤਾਨੀ ਲੋਕਾਂ ਨੂੰ ਪਾਕਿਸਤਾਨ ਵਾਪਸ ਭੇਜਣ ਦਾ ਹੁਕਮ ਕਰਦਿੱਤਾ ਹੈ। ਪਾਕਿਸਤਾਨ ਦੀ ਅਖ਼ਬਾਰ ਐਕਸਪ੍ਰੈੱਸ ਟ੍ਰਿਬਿਊਨ ਦੇ ਮੁਤਾਬਕ ਓਥੋਂ ਦੀ ਕੇਂਦਰੀ ਜਾਂਚ ਏਜੰਸੀ ਨੇ 40 ਪਾਕਿਸਤਾਨੀਆਂ ਦੀ ਹਵਾਲਗੀ ਦੀ ਪੁਸ਼ਟੀ ਕੀਤੀ ਹੈ।ਇਸ ਰਿਪੋਰਟ ਦੇ ਮੁਤਾਬਕ ਪਾਕਿਸਤਾਨ ਨਾਗਰਿਕ ਤੁਰਕੀ ਦੇ ਵੱਖ-ਵੱਖ ਸ਼ਹਿਰਾਂ ਤੋਂ ਇਸਲਾਮਾਬਾਦ ਵਾਪਸ ਭੇਜੇ ਗਏ ਹਨ।

ਅੱਗੋਂ ਪਾਕਿਸਤਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਤੁਰਕੀ ਤੋਂ ਭੇਜੇ ਗਏ ਪਾਕਿਸਤਾਨੀ ਲੋਕਾਂ ਦੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਇਸਲਾਮਾਬਾਦ ਹਵਾਈ ਅੱਡੇ ਉੱਤੇ ਕੀਤਾਗਿਆ ਹੈ ਅਤੇ ਇਸ ਦੇ ਲਈ ਦੋਵਾਂ ਦੇਸ਼ਾਂ ਦੀਆਂ ਗੈਰ-ਸਰਕਾਰੀ ਸੰਸਥਾਵਾਂ ਨੇ ਇਕ ਸਮਝੌਤਾ ਕੀਤਾ ਹੈ, ਜਿਸ ਦੇ ਮੁਤਾਬਕ ਇਨ੍ਹਾਂ ਪਾਕਿਸਤਾਨੀ ਨਾਗਰਿਕਾਂ ਨੂੰ ਮਦਦ ਦਿੱਤੀ ਜਾ ਰਹੀ ਹੈ। ਤੁਰਕੀ ਨੇ 1 ਅਪ੍ਰੈਲ 2019 ਨੂੰ ਗੈਰ ਕਾਨੂੰਨੀ ਰਹਿੰਦੇ 47 ਪਾਕਿਸਤਾਨੀ ਨਾਗਰਿਕਾਂ ਦੀ ਹਵਾਲਗੀ ਕੀਤੀ ਸੀ ਤੇ ਇਨ੍ਹਾਂ ਨੂੰ ਇਕ ਵਿਸ਼ੇਸ਼ ਜਹਾਜ਼ ਰਾਹੀਂ ਸ਼ਾਰਜਾਹ ਦੇ ਰਸਤੇ ਇਸਲਾਮਾਬਾਦ ਲਿਆਂਦਾ ਗਿਆ ਸੀ। ਸਾਲ 2019 ਵਿਚ ਹੀ ਤੁਰਕੀ ਨੇ ਦੇਸ਼ ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਦੇ 7 ਪਾਕਿਸਤਾਨੀਆਂ ਨੂੰ ਫੜਿਆ ਅਤੇ ਉਨ੍ਹਾਂ ਨੂੰ ਤੁਰਕੀ ਦੀ ਫਲਾਈਟ ਰਾਹੀਂ ਪਾਕਿ-ਸਤਾਨ ਵਾਪਸ ਭੇਜਿਆ ਗਿਆ ਸੀ।

ਇਕ ਹੋਰ ਰਿਪੋਰਟ ਮੁਤਾਬਕ ਪਿਛਲੇ 6 ਸਾਲਾਂ ਵਿੱਚ ਦੁਨੀਆ ਦੇ 134 ਦੇਸ਼ਾਂ ਤੋਂ ਕੁੱਲ 5,19,000 ਪਾਕਿਸਤਾਨੀ ਨਾਗਰਿਕ ਇਸ ਦੇਸ਼ ਵਿੱਚ ਵਾਪਸ ਭੇਜੇ ਜਾ ਚੁੱਕੇ ਹਨ, ਇਨ੍ਹਾਂ ਉੱਤੇ ਫਰਜ਼ੀ ਦਸਤਾਵੇਜ਼ ਪੇਸ਼ ਕਰਨ ਅਤੇਵੱਖ-ਵੱਖ ਤਰ੍ਹਾਂ ਦੇ ਅਪਰਾਧਿਕ ਕੇਸ ਦਰਜ ਕੀਤੇ ਗਏ ਹਨ। ਸਾਊਦੀ ਅਰਬ, ਯੂ ਈ ਏ ਅਤੇ ਓਮਾਨ ਤੋਂ ਹਰ ਸਾਲ ਗੈਰ-ਕਾਨੂੰਨੀ ਢੰਗ ਨਾਲਓਥੇ ਰਹਿੰਦੇ ਪਾਕਿਸਤਾਨ ਨਾਗਰਿਕਾਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ। ਇਸ ਦੇ ਬਾਅਦ ਵੀ ਸਾਊਦੀ ਅਰਬ ਅਤੇ ਤੁਰਕੀ ਵਿਚ 65,000 ਤੋਂ ਵੱਧ ਗੈਰ ਕਾਨੂੰਨੀ ਪ੍ਰਵਾਸੀ ਓਥੇ ਡਿਪੋਰਟੀ ਕੈਂਪਾਂ ਵਿਚ ਰੱਖੇ ਹੋਏ ਹਨ।

ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਦੀ ਰਿਪੋਰਟ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ ਸਾਊਦੀ ਅਰਬ ਨੇ ਸਭ ਤੋਂ ਵੱਧ ਪਾਕਿਸਤਾਨੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਅਤੇ ਮਲੇਸ਼ੀਆ, ਬ੍ਰਿਟੇਨ, ਗ੍ਰੀਸ, ਅਮਰੀਕਾ, ਚੀਨ, ਈਰਾਨ ਤੇ ਜਰਮਨੀ ਵੀ ਪਾਕਿਸਤਾਨ ਦੇ ਕਈ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢ ਚੁੱਕੇ ਹਨ। ਹੈਰਾਨੀ ਦੀ ਗੱਲ ਹੈ ਕਿ ਯੁੱਧ ਤੋਂ ਪੀੜਤ ਦੇਸ਼ਾਂ ਸੀਰੀਆ,ਅਫਗਾਨਿਸਤਾਨ ਅਤੇ ਲੀਬੀਆ ਨੇ ਵੀ ਗੈਰ ਕਾਨੂੰਨੀ ਢੰਗ ਨਾਲ ਓਥੇ ਰਹਿੰਦੇ ਪਾਕਿਸਤਾਨੀ ਨਾਗਰਿਕਾਂ ਦੀ ਹਵਾਲਗੀ ਕੀਤੀ ਹੈ। ਇਨ੍ਹਾਂ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਸਭ ਤੋਂ ਵੱਧ ਹਵਾਲਗੀ ਲੀਬੀਆ ਵੱਲੋਂ ਕੀਤੀ ਗਈ ਸੀ। ਲੀਬੀਆ ਯੂਰਪ ਦਾ ਗੇਟਵੇਅ ਹੋਣ ਕਾਰਨ ਕਈ ਪਾਕਿਸਤਾਨੀ ਏਥੇ ਗੈਰ-ਕਾਨੂੰਨੀ ਢੰਗ ਨਾਲ ਜਾਣ ਅਤੇ ਫਿਰ ਅੱਗੇ ਯੂਰਪ ਦੇ ਦੇਸ਼ਾਂ ਵਿੱਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।

# ਓਨਟਾਰੀਓ ਬੋਰਡਜ਼ ਨੂੰ ਅੱਧੇ ਸਕੂਲ ਖੁੱਲ੍ਹੇ ਤੇ ਅੱਧੇ ਬੰਦ ਰੱਖਣ ਦੀ ਹਦਾਇਤ



ਟੋਰਾਂਟੋ, 24 ਜਨਵਰੀ (ਪੋਸਟ ਬਿਊਰੋ) : ਅਗਲੇ ਹਫਤੇ ਦੱਖਣੀ ਓਨਟਾਰੀਓ ਦੇ ਕਈ ਸਕੂਲ ਬੋਰਡ ਮੁੜ ਸਕੂਲਾਂ ਨੂੰ ਖੋਲ੍ਹਣ ਦੀ ਤਿਆਰੀ ਕਰ ਰਹੇ ਹਨ। ਪਰ ਇਨ੍ਹਾਂ ਬੋਰਡਜ਼ ਵੱਲੋਂ ਸਕੂਲਾਂ ਦਾ ਥੋੜ੍ਹਾ ਹਿੱਸਾ ਹੀ ਖੋਲ੍ਹਿਆ ਜਾਵੇਗਾ।

ਸਰਕਾਰ ਵੱਲੋਂ ਸੋਮਵਾਰ ਨੂੰ ਸੱਤ ਪਬਲਿਕ ਹੈਲਥ ਯੂਨਿਟਸ ਨੂੰ ਕਲਾਸਰੂਮਜ਼ ਨੂੰ ਮੁੜ ਇਨ ਪਰਸਨ ਲਰਨਿੰਗ ਦੀ ਇਜਾਜ਼ਤ ਦਿੱਤੀ ਗਈ ਸੀ। ਜਿਸ ਤੋਂ ਇਹ ਭਾਵ ਹੈ ਕਿ ਨੌਂ ਹੋਰਨਾਂ ਬੋਰਡਜ਼ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਵੱਖ ਵੱਖ ਟਾਊਨਜ਼ ਲਈ ਆਪਣੀ ਵੱਖਰੀ ਯੋਜਨਾ ਤਿਆਰ ਕਰਨੀ ਹੋਵੇਗੀ। ਕਵਾਰਥਾ ਪਾਈਨ ਰਿੱਜ ਡਿਸਟ੍ਰਿਕਟ ਸਕੂਲ ਬੋਰਡ, ਜੋ ਕਿ ਕਲੈਰਿੰਗਟਨ, ਓਨਟਾਰੀਓ ਦੇ ਸਕੂਲਾਂ ਦਾ ਕੰਮਕਾਜ ਦੇਖਦਾ ਹੈ ਤੇ ਜਿਹੜੇ ਬੰਦ ਰਹਿਣਗੇ ਅਤੇ ਨੌਰਥੰਬਰਲੈਂਡ ਤੇ ਪੀਟਰਬੌਰੋ ਦੇ ਸਕੂਲ ਮੁੜ ਖੁੱਲ੍ਹਣਗੇ, ਦੇ ਚੇਅਰ ਡਿਆਨੇ ਲੌਇਡ ਦਾ ਕਹਿਣਾ ਹੈ ਕਿ ਕਿਸੇ ਇੱਕ ਬੋਰਡ ਦਾ ਦੋ ਵੱਖ ਵੱਖ ਦਿਸ਼ਾਵਾਂ ਵੱਲ ਜਾਣਾ ਬਹੁਤ ਮੁਸ਼ਕਲ ਹੈ।

ਉਨ੍ਹਾਂ ਆਖਿਆ ਕਿ ਸਿੱਖਿਆ ਮੰਤਰਾਲੇ ਵੱਲੋਂ ਇਸ ਤਰ੍ਹਾਂ ਦੀ ਯੋਜਨਾ ਦਾ ਪਤਾ ਲੱਗਣ ਤੋਂ ਬਾਅਦ ਉਨ੍ਹਾਂ ਫੌਰੀ ਮਾਪਿਆਂ ਤੱਕ ਪਹੁੰਚ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਅੱਪਰ ਕੈਨੇਡਾ ਡਿਸਟ੍ਰਿਕਟ ਸਕੂਲ ਬੋਰਡ ਦੇ ਡਾਇਰੈਕਟਰ ਸਟੀਫਨ ਸਲਾਇਵਾ ਨੇ ਆਖਿਆ ਕਿ ਉਨ੍ਹਾਂ ਦੇ ਡਿਸਟ੍ਰਿਕਟ ਦੇ 40 ਫੀ ਸਦੀ ਸਕੂਲ ਈਸਟਰਨ ਓਨਟਾਰੀਓ ਹੈਲਥ ਯੂਨਿਟ ਵਿੱਚ ਹਨ। ਇਹ ਸਟੌਰਮੌਂਟ, ਗਲੈਨਗੈਰੀ ਤੇ ਡੰਡਾਸ, ਪੈਸਕੌਟ-ਰਸਲ ਤੇ ਕੌਰਨਵਾਲ, ਜੋ ਕਿ ਬੰਦ ਰਹਿਣਗੇ, ਦੇ ਇਲਾਕੇ ਨੂੰ ਕਵਰ ਕਰਦੇ ਹਨ।ਬਾਕੀ ਦੇ 60 ਫੀ ਸਦੀ ਸਕੂਲ ਲੀਡਜ਼, ਗ੍ਰੈਨਵਿਲ, ਲੈਨਾਰਕ ਡਿਸਟ੍ਰਿਕਟ ਹੈਲਥ ਯੂਨਿਟ ਵਿੱਚ ਸਥਿਤ ਹਨ ਤੇ ਇਨ੍ਹਾਂ ਨੂੰ ਸੋਮਵਾਰ ਤੋਂ ਖੋਲ੍ਹਿਆ ਜਾ ਸਕਦਾ ਹੈ।

# ਸਿੰਗਲਾ ਨੇ ਅੰਤਰਰਾਸ਼ਟਰੀ ਸਿੱਖਿਆ ਦਿਵਸ ਅਤੇ ਕੌਮੀ ਬਾਲੜੀ ਦਿਵਸ ਮੌਕੇ ਨੌਜਵਾਨਾਂ ਨੂੰ ਦਿੱਤੀ ਵਧਾਈ

ਚੰਡੀਗੜ੍ਹ, 24 ਜਨਵਰੀ (ਪੋਸਟ ਬਿਊਰੋ): ਸਿੱਖਿਆ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਐਤਵਾਰ ਨੂੰ ਸੂਬੇ ਦੇ ਨੌਜਵਾਨਾਂ ਨੂੰ ਅੰਤਰਰਾਸ਼ਟਰੀ ਸਿੱਖਿਆ ਦਿਵਸ ਅਤੇ ਰਾਸ਼ਟਰੀ ਬਾਲੜੀ ਦਿਵਸ ਦੀ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਆਸ ਅਤੇ ਅਰਦਾਸ ਕੀਤੀ।

ਆਪਣੇ ਟਵੀਟ ਸੰਦੇਸ਼ ਰਾਹੀਂ ਕੈਬਨਿਟ ਮੰਤਰੀ ਨੇ ਕਿਹਾ , "ਸਿੱਖਿਆ, ਸਾਡੀ ਅੰਦਰੂਨੀ ਊਰਜਾ ਨੂੰ ਸੇਧ ਦੇਣ, ਤੁਹਾਡੇ ਸੁਪਨਿਆਂ ਨੂੰ ਪਰਵਾਜ਼ , ਅਤੇ ਸਖਸੀਅਤ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਅੰਤਰਰਾਸ਼ਟਰੀ ਸਿੱਖਿਆ ਦਿਵਸ ਮੌਕੇ ,ਆਓ ਆਪਾਂ ਸਿੱਖਿਆ ਦੀ ਸੌਗਾਤ ਦੇਣ ਦਾ ਪ੍ਰਣ ਕਰੀਏ ਅਤੇ ਸੁਨਹਿਰੇ ਭਵਿੱਖ, ਲੋਕਾਂ ਨੂੰ ਆਤਮ ਨਿਰਭਰ ਬਣਾਉਣ ਅਤੇ ਅਗਾਂਹਵਧੂ ਸਮਾਜਾਂ ਦੇ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਈਏ।"

ਇਸ ਮੌਕੇ ਕੈਬਨਿਟ ਮੰਤਰੀ ਨੇ ਕੌਮੀ ਬਾਲੜੀ ਦਿਵਸ 'ਤੇ ਨਿੱਘੀ ਵਧਾਈ ਵੀ ਦਿੱਤੀ ਅਤੇ ਧੀਆਂ ਨੂੰ ਰੂੜੀਵਾਦੀ ਮਾਨਸਿਕਤਾ ਅੱਗੇ ਝੁਕਣ ਦੀ ਥਾਂ ਡੱਟ ਕੇ ਜੀਵਨ ਨਿਰਵਾਹ ਕਰਨ ਦਾ ਸੰਕਲਪ ਲੈਣ ਲਈ ਵੀ ਅਪੀਲ ਕੀਤੀ। ਉਹਨਾਂ ਟਵੀਟ ਕੀਤਾ "ਆਓ ਅਸੀਂ ਆਪਣੇ ਯਤਨਾਂ ਨੂੰ ਅੱਗੇ ਵਧਾਉਂਦਿਆਂ ਧੀਆਂ ਦੀ ਸਿੱਖਿਆ ਪ੍ਰਾਪਤੀ ਅਤੇ ਸੁਪਨੇ ਸਰ ਕਰਨ ਨੂੰ ਯਕੀਨੀ ਬਣਾਉਣ ਵਿੱਚ ਯੋਗਦਾਨ ਪਾਈਏ ਕਿਉਂਕਿ ਕੋਈ ਵੀ ਸਮਾਜ ਔਰਤਾਂ ਦੀ ਭਾਗੀਦਾਰੀ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦਾ!" ਉਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਕੇਵਲ ਮੁੰਡਿਆਂ ਦੇ ਤਿਉਹਾਰ ਮਨਾਉਣ ਦੀ ਰਵਾਇਤ ਨੂੰ ਤੋੜਨ ਲਈ 'ਧੀਆਂ ਦੀ ਲੋਹੜੀ' ਮਨਾਉਣ ਦਾ ਫੈਸਲਾ ਕੀਤਾ ਹੈ।

ਸਿੰਗਲਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਰਾਹੀਂ ਨੌਜਵਾਨ ਪੀੜੀ ਨੂੰ ਸਮਰੱਥ ਬਣਾਉਣ ਦੀ ਵਚਨਬੱਧਤਾ ਨੂੰ ਕਾਇਮ ਰੱਖਦਿਆਂ ਆਨਲਾਈਨ ਅਧਿਐਨ ਦੀ ਸਹੂਲਤ ਦੇਣ ਲਈ 1.74 ਲੱਖ ਵਿਦਿਆਰਥੀਆਂ ਨੂੰ ਸਮਾਰਟ ਫੋਨ ਮੁਹੱਈਆ ਕਰਵਾਏ ਹਨ। ਰਾਜ ਸਰਕਾਰ ਨੇ ਔਰਤਾਂ ਲਈ ਸਰਕਾਰੀ ਨੌਕਰੀਆਂ ਵਿਚ 33% ਰਾਖਵਾਂਕਰਨ ਅਤੇ ਪੀ.ਆਰ.ਆਈਜ਼ ਤੇ ਸ਼ਹਿਰੀ ਸਥਾਨਕ ਇਕਾਈਆਂ ਵਿੱਚ 50% ਰਾਖਵਾਂਕਰਨ ਲਾਗੂ ਕਰਨ ਦਾ ਫੈਸਲਾ ਕੀਤਾ ਹੈ।

ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd. Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਸਿਰਸਾ ਦੇ ਟੈਂਟ ਘਪਲੇ ਵਿੱਚ ਕੇਂਦਰ ਸਰਕਾਰ ਦਾ ਨਾਂਅ ਲਏ ਜਾਣ ਤੋਂ ਭਾਜਪਾ ਭੜਕੀ

ਨਵੀਂ ਦਿੱਲੀ, 24 ਜਨਵਰੀ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਉਤੇ ਟੈਂਟ-ਤਿਰਪਾਲ ਘਪਲੇ ਦੇ ਦੋਸ਼ ਵਿੱਚ ਦਿੱਲੀ ਪੁਲਸ ਦੀ ਆਰਥਿਕ ਅਪਰਾਧ ਸੈਲ ਵੱਲੋਂ ਕੇਸ ਦਰਜ ਕਰਨ ਤੋਂ ਬਾਅਦ ਅਕਾਲੀ ਦਲ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਨੇਤਾਵਾਂ ਵੱਲੋਂ ਦਿੱਤੇ ਬਿਆਨਾਂ ਉੱਤੇ ਭਾਜਪਾ ਭੜਕ ਪਈ ਤੇ ਇਸ ਵਿੱਚ ਭਾਜਪਾ ਦਾ ਨਾਂਅ ਲੈਣ ਦੀ ਸਖਤ ਨਿੰਦਾ ਕੀਤੀ ਹੈ।



ਭਾਜਪਾ ਦੀ ਦਿੱਲੀ ਸੂਬਾ ਕਾਰਜਕਾਰਨੀ ਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਕੁਲਵੰਤ ਸਿੰਘ ਬਾਠ ਨੇ ਅਕਾਲੀ ਦਲ ਦੇ ਬਿਆਨ ’ਤੇ ਇਤਰਾਜ਼ ਕੀਤਾ ਅਤੇ ਕਿਹਾ ਹੈ ਕਿ ਅਕਾਲੀ ਦਲ ਅਤੇ ਗੁਰਦੁਆਰਾ ਕਮੇਟੀ ਮੈਂਬਰ ਸਿਰਸਾ ਨੂੰ ਬਚਾਉਣ ਲਈ ਕੇਸ ਦਰਜ ਹੋਣ ਦਾ ਗਲਤ ਦੋਸ਼ ਭਾਜਪਾ ਉਤੇ ਲਾ ਰਹੇ ਹਨ, ਜਦੋਂ ਕਿ ਭਾਜਪਾ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ।ਬਾਠ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪੀ ਆਰ ਓ ਭੁਪਿੰਦਰ ਸਿੰਘ ਦੀ ਸ਼ਿਕਾਇਤ ’ਤੇ ਕੇਸ ਦਰਜ ਹੋਇਆ ਹੈ। ਜਦੋਂ ਇਸ ਦੀ ਸ਼ਿਕਾਇਤ ਕੀਤੀ ਗਈ, ਉਸ ਵੇਲੇ ਅਕਾਲੀ ਦਲ ਭਾਜਪਾ ਦੇ ਗਠਜੋੜ ਵਿੱਚ ਕੇਂਦਰ ਸਰਕਾਰ ਦਾ ਹਿੱਸਾ ਸੀ।ਕਮੇਟੀ ਦੇ ਵੱਡੇ ਨੇਤਾਵਾਂ ਵੱਲੋਂ ਆਏ ਦਿਨ ਹੁੰਦੇ ਭ੍ਰਿਸਟਾਚਾਰ ਦੇ ਖੁਲਾਸਿਆਂ ਨਾਲ ਗੁਰਦੁਆਰਾ ਕਮੇਟੀ ਦੀ ਸਾਖ ਦੁਨੀਆ ਭਰ ਵਿੱਚ ਘੱਟ ਹੋਈ ਹੈ। ਇਸ ਲਈ ਜਿਸ ਤਰ੍ਹਾਂ ਦੋਸ਼ ਲੱਗਣ ਤੋਂ ਬਾਅਦ ਸਾਬਕਾ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਅਸਤੀਫਾ ਦਿੱਤਾ ਸੀ, ਉਸੇ ਤਰ੍ਹਾਂ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਅਸਤੀਫਾ ਦੇਣਾ ਚਾਹੀਦਾ ਹੈ। ਬਾਠ ਦੇ ਅਨੁਸਾਰ ਜਾਂਚ ਏਜੰਸੀ ਨੇ ਡੂੰਘੀ ਜਾਂਚ ਤੋਂ ਬਾਅਦ ਸਿਰਸਾ ’ਤੇ ਮੁਕੱਦਮਾ ਦਰਜ ਕੀਤਾ ਹੈ।

ਕੁਲਵੰਤ ਸਿੰਘ ਬਾਠ ਨੇ ਕਿਹਾ ਕਿ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ 328 ਸਰੂਪਾਂ ਦੇ ਗੁੰਮ ਹੋਣ ਦੀ ਜਾਂਚ ਚੱਲ ਰਹੀ ਹੈ। ਕੱਲ੍ਹ ਨੂੰ ਜੇ ਉਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋਸ਼ੀ ਨਿਕਲਦੇ ਹਨ ਤਾਂ ਇਸ ਦਾ ਵੀ ਦੋਸ਼ ਭਾਜਪਾ ’ਤੇ ਲਾਓਗੇ? ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਖੁਦ ਸੁਖਬੀਰ ਸਿੰਘ ਨੇ ਅੱਗੇ ਆ ਕੇ ਸਿਰਸਾ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਲੱਗਦਾ ਹੈ ਕਿ ਸਿਰਸਾ ਦੇ ਭ੍ਰਿਸ਼ਟਾਚਾਰ ਵਿੱਚ ਸੁਖਬੀਰ ਦੀ ਵੀ ਮਿਲੀਭੁਗਤ ਹੈ।

ਵਰਣਨਯੋਗ ਹੈ ਕਿ ਬੀਤੇ ਸ਼ੁੱਕਰਵਾਰ ਨੂੰ ਮਨਜਿੰਦਰ ਸਿੰਘ ਸਿਰਸਾ ਦਾ ਬਚਾਅ ਕਰਦੇ ਵਕਤ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ ਕਿ ਇਹ ਕੇਸ ਕੇਂਦਰ ਦੀ ਸਰਕਾਰ ਅਤੇ ਭਾਜਪਾ ਦੇ ਦਬਾਅ ਹੇਠ ਦਰਜ ਕੀਤਾ ਗਿਆ ਹੈ, ਕਿਉਂਕਿ ਸਿਰਸਾ ਕਿਸਾਨ ਅੰਦੋਲਨ ਵਿੱਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ, ਇਸ ਲਈ ਭਾਜਪਾ ਤੇ ਕੇਂਦਰ ਵੱਲੋਂ ਉਨ੍ਹਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਯੂ ਕੇ ਵਿਚਲਾ ਨਵਾਂ ਕੋਰੋਨਾ ਸਟ੍ਰੇਨ ਪਹਿਲੇ ਵਾਇਰਸ ਨਾਲੋਂ ਤੀਹ ਗੁਣਾ ਵੱਧ ਖਤਰਨਾਕ

ਲੰਡਨ, 24 ਜਨਵਰੀ (ਪੋਸਟ ਬਿਊਰੋ)- ਯੂ ਕੇ ਵਿੱਚ ਆਇਆ ਕੋਰੋਨਾ ਵਾਇਰਸ ਦਾ ਨਵਾਂ ਸਟ੍ਰੇਨ ਪਹਿਲੇ ਤੋਂ ਤੀਹ ਗੁਣਾਂ ਵੱਧ ਖਤਰਨਾਕ ਹੈ। ਇਸ ਨਾਲ ਮੌਤ ਦਰ ਵਿੱਚ ਵਾਧੇ ਦਾ ਖਤਰਾ ਹੈ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਵੀ ਵਾਇਰਸ ਦੀ ਨਵੀਂ ਕਿਸਮ ਪਹਿਲੇ ਤੋਂ ਕਿਤੇ ਵੱਧ ਖਤਰਨਾਕ ਹੋਣ ਬਾਰੇ ਰੋਜ਼ਾਨਾ ਕਾਨਫਰੰਸ ਵਿੱਚ ਕਿਹਾ ਹੈ।

ਨਵੇਂ ਅਤੇ ਉਭਰਦੇ ਕੋਰੋਨਾ ਵਾਇਰਸ ਦੇ ਖਤਰੇ ਬਾਰੇ ਸਲਾਹਕਾਰ ਗਰੁੱਪ ਦੇ ਵਿਗਿਆਨੀਆਂ ਵੱਲੋਂ ਦਿੱਤੇ ਮੁੱਢਲੇ ਅੰਕੜਿਆਂ ਦੇ ਆਧਾਰ ’ਤੇ ਉਨ੍ਹਾਂ ਕਿਹਾ ਕਿ ਲੱਗਦਾ ਹੈ ਕਿ ਵਾਇਰਸ ਦਾ ਨਵਾਂ ਰੂਪ ਵਧੇਰੇ ਖਤਰਨਾਕ ਹੈ। ਉਨ੍ਹਾਂ ਦਾਅਵਾ ਕੀਤਾ ਕਿ ਯੂ ਕੇ ਵਿੱਚ ਕੋਰੋਨਾ ਦੇ ਦੋਵੇਂ ਟੀਕੇ ਵਾਇਰਸ ਦੇ ਹਰ ਰੂਪ ’ਤੇ ਪੂਰੇ ਅਸਰਦਾਰ ਹਨ। ਆਪਣੀ ਰਿਹਾਇਸ਼ ਤੋਂ ਸੰਬੋਧਨ ਕਰਦਿਆਂ ਬੋਰਿਸ ਨੇ ਕਿਹਾ ਕਿ ਪਹਿਲੀ ਵਾਰ ਲੰਡਨ ਅਤੇ ਇੰਗਲੈਂਡ ਦੇ ਦੱਖਣ-ਪੂਰਬ ਵਿੱਚ ਲੱਭੇ ਵਾਇਰਸ ਦੀ ਨਵੀਂ ਕਿਸਮ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਮਿਲੇ ਸਬੂਤਾਂ ਅਨੁਸਾਰ ਇਹ ਮੌਤ ਦਰ ਵਧਾ ਸਕਦੀ ਹੈ। ਸਰਕਾਰ ਦੇ ਮੁੱਖ ਵਿਗਿਆਨਕ ਸਲਾਹਕਾਰ ਸਰ ਪੈਟਰਿਕ ਵੈਲਸਨ ਨੇ ਕਿਹਾ ਕਿ ਜਿਨ੍ਹਾਂ ਨੂੰ ਵੈਕਸੀਨ ਦਿੱਤੀ ਗਈ ਹੈ, ਉਨ੍ਹਾਂ ਨੂੰ ਵਾਇਰਸ ਦੇ ਨਵੇਂ ਅਤੇ ਪੁਰਾਣੇ ਦੋਵਾਂ ਰੂਪਾਂ ਤੋਂ ਸੁਰੱਖਿਆ ਮਿਲੇਗੀ।




# ਜੱਜ ਸਾਹਿਬ ਨੇ ਕਿਹਾ: ਭੱਜ ਗਈ ਪਤਨੀ ਨੂੰ ਭੁੱਲ ਜਾਓ ਤੇ ਦੂਸਰੀ ਲੱਭੋ

ਪਟਨਾ, 24 ਜਨਵਰੀ (ਪੋਸਟ ਬਿਊਰੋ)- ਪਟਨਾ ਹਾਈ ਕੋਰਟ ਵਿੱਚ ਇੱਕ ਕੇਸ ਦੀ ਸੁਣਵਾਈ ਦੌਰਾਨ ਦੋਸ਼ੀ ਨੂੰ ਜ਼ਮਾਨਤ ਦਿੰਦੇ ਹੋਏ ਜੱਜ ਨੇ ਕੇਸ ਦਾਇਰ ਕਰਨ ਵਾਲੇ ਪਤੀ ਨੂੰ ਦਿਲਾਸਾ ਦਿੰਦੇ ਹੋਏ ਕਿਹਾ, ‘‘ਜੇ ਪਤਨੀ ਕਿਸੇ ਨਾਲ ਭੱਜ ਗਈ ਹੈ ਤਾਂ ਭੁੱਲ ਜਾਓ। ਦੂਸਰੀ ਲੜਕੀ ਲੱਭ ਲਓ। ਜੋ ਭੱਜ ਗਈ, ਉਹ ਤੁਹਾਡੀ ਕਿੱਥੇ ਰਹੀ?’’



ਜਸਟਿਸ ਪੀ ਕੇ ਝਾਅ ਨੇ ਇਹ ਟਿੱਪਣੀ ਉਸ ਸਮੇਂ ਕੀਤੀ, ਜਦ ਬਚਾਅ ਪੱਖ ਦੇ ਸੀਨੀਅਰ ਵਕੀਲ ਵਾਈ ਸੀ ਰਮਾ ਨੇ ਪਤੀ ਵੱਲੋਂ ਸੀਤਾਮੜੀ ਦੇ ਬਥਨਾਹਾ ਥਾਣੇ ਵਿੱਚ ਦਰਜ ਕਰਾਈ ਸ਼ਿਕਾਇਤ ਪੜ੍ਹ ਕੇ ਸੁਣਾਈ। 25 ਸਾਲਾ ਨਾਗੇਂਦਰ ਕੁਮਾਰ ਜੈਸਵਾਲ ਨੇ ਤੀਹ ਨਵੰਬਰ 2017 ਨੂੰ ਤਾਨੀਆ ਉਰਫ ਮਧੂ ਨਾਲ ਵਿਆਹ ਕੀਤਾ ਸੀ। ਇਸ ਦੇ ਬਾਅਦ ਉਹ ਪਤੀ ਨਾਲ ਸਹੁਰੇ ਗਈ, ਪਰ ਕੁਝ ਦਿਨਾਂ ਪਿੱਛੋਂ ਅੱਗੇ ਦੀ ਪੜ੍ਹਾਈ ਜਾਰੀ ਰੱਖਣ ਦੀ ਇੱਛਾ ਪ੍ਰਗਟ ਕੀਤੀ ਅਤੇ ਪਤੀ ਨੇ ਦਰਭੰਗਾ ਦੇ ਕਾਲਜ ਵਿੱਚ ਉਸ ਦਾ ਦਾਖਲਾ ਕਰਵਾ ਦਿੱਤਾ। ਇਸ ਦੌਰਾਨ ਉਹ ਪਟਨੇ ਵਿੱਚ ਗਰਲਜ਼ ਹੋਸਟਲ ਵਿੱਚ ਰਹਿ ਕੇ ਪੇਪਰਾਂ ਦੀ ਤਿਆਰੀ ਕਰਦੀ ਰਹੀ। ਵਕੀਲ ਵਰਮਾ ਨੇ ਕਿਹਾ ਕਿ ਲਾਕਡਾਊਨ ਦੌਰਾਨ 22 ਅਪ੍ਰੈਲ ਨੂੰ ਤਾਨੀਆ ਪੇਕੇ ਜਾ ਕੇ ਆਪਣੇ ਚਾਚੇ ਨਾਲ ਰਹਿਣ ਲੱਗੀ। 23 ਮਈ ਦੀ ਰਾਤ ਉਹ ਓਥੋਂ ਗਾਇਬ ਹੋ ਗਈ ਤੇ ਉਸ ਦਾ ਮੋਬਾਈਲ ਸਵਿਚ ਆਫ ਮਿਲਣ ਲੱਗਾ। ਪਤਾ ਲੱਗਾ ਕਿ ਪਟਨਾ ਵਿੱਚ ਪੜ੍ਹਾਈ ਦੌਰਾਨ ਇੱਕ ਵਿਅਕਤੀ ਨਾਲ ਮੋਬਾਈਲ ’ਤੇ ਉਸ ਦੀ ਗੱਲਬਾਤ ਹੁੰਦੀ ਸੀ,ਜਿਸ ਦਾ ਨਾਂਅ ਰਾਜੇਸ਼ ਕੁਮਾਰ ਹੈ। ਪਤੀ ਨੇ ਦਾਅਵਾ ਕੀਤਾ ਕਿ ਉਸ ਦੀ ਪਤਨੀ ਨੂੰ ਰਾਜੇਸ਼ ਕੁਮਾਰ ਲੈ ਕੇ ਭੱਜਾ ਹੈ। ਜੱਜ ਨੇ ਸਾਰੀ ਕਹਾਣੀ ਸੁਣਨ ਪਿੱਛੋਂ ਸੀਨੀਅਰ ਵਕੀਲ ਨਾਲ ਕੁਝ ਗੱਲਬਾਤ ਕੀਤੀ ਅਤੇ ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ।

# ਭਾਰਤ ਸਰਕਾਰ ਵੱਲੋਂ ਰੋਕੇ ਦਿਹਾਤੀ ਵਿਕਾਸ ਫੰਡ ਵਿੱਚੋਂ ਪੰਜਾਬ ਲਈ 400 ਕਰੋੜ ਜਾਰੀ

ਚੰਡੀਗੜ੍ਹ, 24 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਪੰਜਾਬ ਸਰਕਾਰ ਦੇ ਰੋਕੇ ਗਏ 1200 ਕਰੋੜ ਰੁਪਏ ਦੇ ਦਿਹਾਤੀ ਵਿਕਾਸ ਫੰਡ ਵਿੱਚੋਂ ਕੇਂਦਰ ਨੇ 400 ਕਰੋੜ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ, ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਕੇਂਦਰ ਸਰਕਾਰ ਬਾਕੀ ਰਾਸ਼ੀ ਜਾਰੀ ਕਰੇਗੀ ਜਾਂ ਨਹੀਂ ਅਤੇ ਇਹ 800 ਕਰੋੜ ਰੁਪਏ ਦੀ ਬਾਕੀ ਰਾਸ਼ੀ ਕਦੋਂ ਜਾਰੀ ਕੀਤੀ ਜਾਵੇਗੀ, ਇਸ ਬਾਰੇ ਵੀ ਪੂਰੀ ਜਾਣਕਾਰੀ ਨਹੀਂ ਦਿੱਤੀ ਗਈ।

ਕੇਂਦਰ ਸਰਕਾਰ ਵੱਲੋਂ 31 ਦਸੰਬਰ ਤੱਕ ਦਿਹਾਤੀ ਵਿਕਾਸ ਦੀ ਬਣਦੀ ਰਕਮ ਰਾਜ ਸਰਕਾਰ ਨੂੰ ਦੇਣੀ ਕਾਨੂੰਨ ਦੇ ਅਨੁਸਾਰ ਲਾਜ਼ਮੀ ਹੈ, ਕਿਉਂਕਿ ਰਾਜ ਸਰਕਾਰ ਨੂੰ ਝੋਨੇ ਦੀ ਖਰੀਦ ਲਈ ਦਿੱਤੇ ਜਾਂਦੇ ਕਰਜ਼ੇ ਦੀ ਮਿਆਦ ਵੀ 31 ਦਸੰਬਰ ਤੱਕ ਹੁੰਦੀ ਹੈ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕੇਂਦਰ ਸਰਕਾਰ ਨੇ ਨਵੇਂ ਸਮਾਰਟ ਰਾਸ਼ਨ ਕਾਰਡ ਜਾਰੀ ਕਰਨ ਲਈ ਰਾਜ ਨੂੰ ਬਣਦੀ 1500 ਕਰੋੜ ਦੀ ਰਾਸ਼ੀ ਰੋਕ ਲਈ ਹੈ, ਜਦੋਂ ਕਿ ਗੁਆਂਢੀ ਰਾਜ ਹਰਿਆਣਾ ਨੂੰ ਇਹ ਰਾਸ਼ੀ ਪਹਿਲਾਂ ਦੇ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਕੇਂਦਰ ਦੇ ਪੰਜਾਬ ਪ੍ਰਤੀ ਇਸ ਰੁੱਖੇ ਅਤੇ ਨਾਮਿਲਵਰਤਣ ਵਾਲੇ ਵਤੀਰੇ ਕਾਰਨ ਪੰਜਾਬ ਦਾ ਲਗਾਤਾਰ ਨੁਕਸਾਨ ਹੋ ਰਿਹਾ ਹੈ।

ਪੰਜਾਬ ਸਰਕਾਰ ਦੇ ਸੂਤਰਾਂ ਅਨੁਸਾਰ ਇਸ ਰਾਜ ਦਾ ਦਿਹਾਤੀ ਵਿਕਾਸ ਫੰਡ ਇੱਕ ਐਕਟ ਹੇਠ ਮਿਲਣਾ ਕਾਨੂੰਨੀ ਤੌਰ ’ਤੇ ਜ਼ਰੂਰੀ ਹੈ ਅਤੇ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਇਸ ਦਾ ਕੇਸ ਹਾਈ ਕੋਰਟ ਤੋਂ ਪਹਿਲਾਂ ਹਾਰ ਚੁੱਕੀ ਹੈ ਅਤੇ ਹਾਈ ਕੋਰਟ ਸਪੱਸ਼ਟ ਕਰ ਚੁੱਕੀ ਹੈ ਕਿ ਰਾਜ ਸਰਕਾਰ ਨੂੰ ਇਹ ਫੰਡ ਮਿਲਣਾ ਉਸ ਦਾ ਕਾਨੂੰਨੀ ਹੱਕ ਹੈ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਕੇਂਦਰ ਵੱਲੋਂ ਰਾਜ ਸਰਕਾਰ ਦੀਆਂ ਰੋਕੀਆਂ ਜਾ ਰਹੀਆਂ ਇਨ੍ਹਾਂ ਗਰਾਂਟਾਂ ਦੇ ਮੁੱਦੇ ’ਤੇ ਸਰਕਾਰ ਅਦਾਲਤ ਜਾ ਸਕਦੀ ਹੈ, ਪਰ ਸਰਕਾਰੀ ਪੱਧਰ ਉਤੇ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਅਦਾਲਤੀਚੱਕਰ ਦੌਰਾਨ ਕਾਫੀ ਸਮਾਂ ਬਰਬਾਦ ਹੋ ਸਕਦਾ ਹੈ। ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਪਹਿਲਾਂ ਸੰਕੇਤ ਆਏ ਸਨ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਹੋਣ ਵਾਲੇ ਕਿਸੇ ਸਮਝੌਤੇ ਵਿੱਚ ਦਿਹਾਤੀ ਵਿਕਾਸ ਫੰਡ ਬਹਾਲ ਕਰਨ ਦਾ ਮੁੱਦਾ ਜੋੜ ਸਕਦੀ ਹੈ ਅਤੇ ਇਸ ਕਾਰਨ ਹੀ ਰਾਜ ਸਰਕਾਰ ਨੇ ਅਗਲੀ ਕੋਈ ਕਾਰਵਾਈ ਤੋਂ ਪਹਿਲਾਂ ਇਸ ਸਬੰਧੀ ਉਡੀਕ ਕਰਨ ਦਾ ਫੈਸਲਾ ਲਿਆ ਸੀ।

# ਐਨ ਆਈ ਏ ਨੇ ਦੋ ਤਸਕਰਾਂ ਉਤੇ ਦੋ-ਦੋ ਲੱਖ ਰੁਪਏ ਇਨਾਮ ਰੱਖਿਆ

ਅੰਮ੍ਰਿਤਸਰ, 24 ਜਨਵਰੀ (ਪੋਸਟ ਬਿਊਰੋ)- ਦਹਿਸ਼ਤਗਰਦ ਸੰਗਠਨ ਹਿਜ਼ਬੁਲ ਮੁਜਾਹਦੀਨ ਦੇ ਲਈ ਲੱਖਾਂ ਰੁਪਏ ਦੀ ਫੰਡਿੰਗ ਦੇ ਦੋਸ਼ ਵਿੱਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਨੇ ਤਰਨ ਤਾਰਨ ਜ਼ਿਲੇ ਦੇ ਦੋ ਤਸਕਰਾਂ ਸਵਰਨ ਸਿੰਘ ਅਤੇ ਬਲਵਿੰਦਰ ਸਿੰਘ ਨੂੰ ਫੜਵਾਉਣ ਲਈ ਦੋ-ਦੋ ਲੱਖ ਰੁਪਏ ਦਾ ਇਨਾਮ ਰੱਖਿਆ ਹੈ। ਦੋਸ਼ੀਆਂ ਵਿੱਚ ਸਵਰਨ ਸਿੰਘ 534 ਕਿਲੋ ਹੈਰੋਇਨ ਦੇ ਕੇਸ ਵਿੱਚ ਫੜੇ ਗਏ ਰਣਜੀਤ ਸਿੰਘ ਉਰਫ ਚੀਤਾ ਦਾ ਚਾਚਾ ਹੈ।

ਪਤਾ ਲੱਗਾ ਹੈ ਕਿ ਜਾਂਚ ਏਜੰਸੀ ਐਨ ਆਈ ਏ ਨੂੰ ਇਨ੍ਹਾਂ ਦੋਵਾਂ ਦੇ ਖਿਲਾਫ ਸਬੂਤ ਮਿਲੇ ਹਨ ਕਿ ਉਹ ਹਿਜਬੁਲ ਮੁਜਾਹਦੀਨ ਦੇ ਦਹਿਸ਼ਤਗਰਦ ਹਿਲਾਲ ਅਹਿਮਦ ਵਾਗੇ ਨੂੰ ਹੈਰੋਇਨ ਵੇਚ ਕੇ ਫੰਡਿੰਗ ਕਰ ਰਹੇ ਸਨ। ਅੰਮ੍ਰਿਤਸਰ ਪੁਲਸ ਨੇ ਹਿਲਾਲ ਨੂੰ ਚਾਰ ਅਪ੍ਰੈਲ 2020 ਨੂੰ ਗ੍ਰਿਫਤਾਰ ਕੀਤਾ ਤਾਂ ਭੇਦ ਖੁੱਲ੍ਹਾ ਸੀ ਕਿ ਹਿਲਾਲ ਅਹਿਮਦ ਜੰਮੂ ਕਸ਼ਮੀਰ ਵਿਚਲੇ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਨਾਇਕੂ ਲਈ ਕੰਮ ਕਰਦਾ ਸੀ ਜਿਸ ਨੂੰ ਭਾਰਤੀ ਫੌਜ ਨੇ ਜੰਮੂ ਕਸ਼ਮੀਰ ਵਿੱਚ ਜੁਲਾਈ ਵਿੱਚ ਮਾਰ ਦਿੱਤਾ ਸੀ। ਇੰਟਰਨੈਸ਼ਨਲ ਚੈੱਕ ਪੋਸਟ ਅਟਾਰੀ ਵਿਖੇ ਮਈ 2018 ਵਿੱਚ 534 ਕਿਲੋ ਹੈਰੋਇਨ ਬਰਾਮਦ ਹੋਣ ਦੇ ਬਾਅਦ ਰਣਜੀਤ ਸਿੰਘ ਚੀਤਾ ਅੰਡਰ ਛੁਪ ਗਿਆ ਸੀ ਅਤੇ ਓਦੋਂ ਤੋਂ ਸੁਰੱਖਿਆ ਏਜੰਸੀਆਂ ਉਸ ਨੂੰ ਲੱਭ ਰਹੀਆਂ ਸਨ। ਇਸ ਦੇ ਬਾਵਜੂਦ ਚੀਤਾ ਆਪਣੇ ਗਿਰੋਹ ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਨਾਲ ਮਿਲ ਕੇ ਕੰਡਿਆਲੀ ਤਾਰ ਰਾਹੀਂ ਹੈਰੋਇਨ ਮੰਗਵਾ ਕੇ ਟਿਕਾਣੇ ਲਾਉਂਦਾ ਰਿਹਾ। ਅੰਮ੍ਰਿਤਸਰ ਪੁਲਸ ਨੇ ਕੁਝ ਮਹੀਨੇ ਪਹਿਲਾਂ ਪਾਣੀਪਤ ਦੇ ਹਰਿਆਣਾ ਜ਼ਿਲ੍ਹੇ ਤੋਂ ਚੀਤੇ ਨੂੰ ਫੜਿਆ ਸੀ। ਐਨ ਆਈ ਏ ਨੂੰ ਦਹਿਸ਼ਤਗਰਦ ਮਾਡਿਊਲ ਦੇ ਬਾਰੇ ਕਈ ਇਨਪੁਟ ਮਿਲੇ ਹਨ।

## ਸਕਰੈਪ ਕਾਰੋਬਾਰੀ ਦੇ ਘਰ ਤੋਂ ਲੱਖਾਂ ਦੀ ਚੋਰੀ

ਜਲੰਧਰ, 24 ਜਨਵਰੀ (ਪੋਸਟ ਬਿਊਰੋ)- ਥਾਣਾ ਭਾਰਗੋ ਕੈਂਪ ਹੇਠਲੇ ਨਿਊ ਮਾਡਲ ਹਾਊਸ ਵਿੱਚ ਚੋਰਾਂ ਨੇ ਇੱਕ ਘਰ ਨੂੰ ਨਿਸ਼ਾਨਾ ਬਣਾ ਕੇ ਲੱਖਾਂ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਚੋਰੀ ਕਰ ਲਏ ਹਨ। ਚੋਰੀ ਦਾ ਨਿਸ਼ਾਨਾ ਬਣੇ ਘਰ ਦੇ ਮਾਲਕ ਧਰਮਿੰਦਰ ਨੇ ਦੱਸਿਆ ਕਿ ਉਨ੍ਹਾਂ ਦਾ ਸਕਰੈਪ ਦਾ ਕਾਰੋਬਾਰ ਹੈ। ਕੱਲ੍ਹ ਲੇਬਰ ਨਾ ਹੋਣ ਕਾਰਨ ਉਹ ਬੇਟੇ ਨੂੰ ਘਰ ਛੱਡ ਕੇ ਬਾਕੀ ਪਰਵਾਰ ਸਮੇਤ ਮਾਤਾ ਚਿੰਤਪੂਰਨੀ ਦੇ ਦਰਸ਼ਨਾਂ ਲਈ ਚਲੇ ਗਏ ਤੇ ਬੈਂਕ ਦਾ ਥੋੜ੍ਹਾ ਜਿਹਾ ਕੰਮ ਸੀ, ਜਿਸ ਨੂੰ ਨਿਪਟਾਉਣ ਲਈ ਬੇਟਾ ਕੁਲਦੀਪ 12.00 ਵਜੇ ਨਕੋਦਰ ਬਾਬਾ ਮੁਰਾਦ ਸ਼ਾਹ ਦੇ ਡੇਰੇ ਚਲਾ ਗਿਆ। ਦੁਪਹਿਰੇ 1.00 ਵਜੇ ਜਦ ਉਹ ਵਾਪਸ ਆਇਆ ਤਾਂ ਦੇਖਿਆ ਕਿ ਘਰ ਦੇ ਤਾਲੇ ਟੁੱਟੇ ਹੋਏ ਸਨ ਤੇ ਅੰਦਰ ਸਾਮਾਨ ਖਿਲਰਿਆ ਹੋਇਆ ਸੀ। ਸੂਚਨਾ ਮਿਲਦੇ ਸਾਰ ਧਰਮਿੰਦਰ ਪਰਿਵਾਰ ਸਮੇਤ ਵਾਪਸ ਆਏ ਤੇ ਥਾਣਾ ਭਾਰਗੋ ਕੈਂਪ ਦੀ ਪੁਲਸ ਨੂੰ ਸੂਚਨਾ ਦਿੱਤੀ। ਥਾਣਾ ਇੰਚਾਰਜ ਭਗਵੰਤ ਭੁੱਲਰ ਮੌਕੇ ’ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ। ਧਰਮਿੰਦਰ ਦੇ ਅਨੁਸਾਰ ਉਸ ਦੇ ਲਾਕਰ ਵਿੱਚ ਛੇ ਲੱਖ ਰੁਪਏ ਨਕਦੀ ਅਤੇ ਉਸ ਦੇ ਪਿਤਾ ਦੇ ਲਾਕਰ ਵਿੱਚ ਵੀ ਕਾਫੀ ਨਕਦੀ ਤੇ ਸੋਨੇ ਦੇ ਗਹਿਣੇ ਸਨ। ਚੋਰ ਘਰ ’ਚੋਂ 9-10 ਲੱਖ ਰੁਪਏ ਦੇ ਕਰੀਬ ਨਕਦੀ ਅਤੇ ਗਹਿਣੇ ਚੋਰੀ ਕਰ ਕੇ ਲੈ ਗਏ ਹਨ।

# ਐਨ ਆਈ ਏ ਵੱਲੋਂ ਲੁਧਿਆਣੇ ਦੇ ਡੇਅਰੀ ਮਾਲਕ ਤੋਂ 7 ਘੰਟੇ ਪੁੱਛ-ਗਿੱਛ

ਲੁਧਿਆਣਾ, 24 ਜਨਵਰੀ (ਪੋਸਟ ਬਿਊਰੋ)- ਸਿੱਖ ਯੂਥ ਪਾਵਰ ਆਫ ਪੰਜਾਬ ਸੰਗਠਨ ਚਲਾਉਣ ਵਾਲੇ ਲੁਧਿਆਣੇ ਦੇ ਡੇਅਰੀ ਮਾਲਕ ਪ੍ਰਦੀਪ ਸਿੰਘ ਉਰਫ ਮਿੱਠੂ ਤੋਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਨੇ ਕੱਲ੍ਹ ਦਿੱਲੀ ਵਿੱਚ ਸੱਤ ਘੰਟੇ ਪੁੱਛਗਿੱਛ ਕੀਤੀ। ਮਿੱਠੂ ਨੇ ਕਿਸਾਨ ਅੰਦੋਲਨ ਵਿੱਚ ਵੀ ਕਿਸਾਨਾਂ ਦੀ ਸੇਵਾ ਕੀਤੀ ਸੀ।





ਪਤਾ ਲੱਗਾ ਹੈ ਕਿ ਐਨ ਆਈ ਏ ਨੂੰ ਬੈਂਕ ਖਾਤਿਆਂ ਵਿੱਚ ਵੱਡੀ ਰਾਸ਼ੀ ਦੇ ਲੈਣ-ਦੇਣ ਕਾਰਨ ਉਸ ਉਤੇ ਸ਼ੱਕ ਸੀ। ਇਸ ਦੇ ਇਲਾਵਾ ਇਸ ਸੰਗਠਨ ਦੇ ਦੋ ਹੋਰਨਾਂ ਮੈਂਬਰਾਂ ਅੰਮ੍ਰਿਤਸਰ ਦੇ ਪਰਮਜੀਤ ਸਿੰਘ ਅਕਾਲੀ ਅਤੇ ਤਰਨ ਤਾਰਨ ਦੇ ਪਲਵਿੰਦਰ ਸਿੰਘ ਤੋਂ ਵੀ ਜਾਂਚ ਏਜੰਸੀ ਐਨ ਆਈ ਏ ਨੇ ਪੁੱਛਗਿੱਛ ਕੀਤੀ ਹੈ। ਇਨ੍ਹਾਂ ਦੋਵਾਂ ਦਾ ਕੋਠੀਆਂ ਬਣਾ ਕੇ ਉਨ੍ਹਾਂ ਨੂੰ ਵੇਚਣ ਦਾ ਕਾਰੋਬਾਰ ਹੈ। ਪਿੱਛੇ ਜਿਹੇ ਇਨ੍ਹਾਂ ਦੋਵਾਂ ਨੇ ਦੋ-ਤਿੰਨ ਕੋਠੀਆਂ ਵੇਚੀਆਂ ਤਾਂ ਇਸ ਦਾ ਪੈਸਾ ਉਨ੍ਹਾਂ ਦੇ ਖਾਤੇ ਵਿੱਚ ਆਇਆ ਸੀ। ਪੁੱਛਗਿੱਛ ਵਿੱਚ ਦੋਵਾਂ ਨੇ ਖਾਤਿਆਂ ਵਿੱਚ ਆਏ ਪੈਸੇ ਦੀ ਜਾਣਕਾਰੀ ਦਿੱਤੀ ਹੈ।ਮਿੱਠੂ ਨੇ ਦੱਸਿਆ ਕਿ ਉਨ੍ਹਾਂ ਦਾ ਸੰਗਠਨ ਸਿੱਖ ਯੂਥ ਪਾਵਰ ਆਫ ਪੰਜਾਬ ਨਾਲ ਸਮਾਜ ਸੇਵਾ ਦਾ ਕੰਮ ਕਰਦਾ ਹੈ। ਉਸ ਦੇ ਡੇਅਰੀ ਦੇ ਕਾਰੋਬਾਰ ਨਾਲ ਸਬੰਧਤ ਸਾਰਾ ਲੈਣ-ਦੇਣ ਉਸ ਦੇ ਬੈਂਕ ਖਾਤੇ ਤੋਂ ਹੁੰਦਾ ਹੈ। ਐਨ ਆਈ ਆਰ ਨੂੰ ਇਸ ਲੈਣ-ਦੇਣ ’ਤੇ ਸ਼ੱਕ ਸੀ। ਕਰੀਬ ਸੱਤ ਘੰਟੇ ਦਿੱਲੀ ਵਿੱਚ ਪੁੱਛਗਿੱਛ ਦੇ ਬਾਅਦ ਅਧਿਕਾਰੀ ਉਸ ਦੇ ਜਵਾਬ ਤੋਂ ਸੰਤੁਸ਼ਟ ਹੋ ਗਏ ਅਤੇ ਉਸ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਪੁੱਛਗਿੱਛ ਦੌਰਾਨ ਅਧਿਕਾਰੀ ਉਸ ਦੇ ਜਵਾਬ ਆਪਣੇ ਲੈਪਟਾਪ ਵਿੱਚ ਨੋਟ ਕਰਦੇ ਰਹੇ। ਉਸ ਤੋਂ ਕੋਈ ਲਿਖਤੀ ਜਵਾਬ ਨਹੀਂ ਲਿਆ ਗਿਆ।

ਵਰਣਨ ਯੋਗ ਹੈ ਕਿ ਕਿਸਾਨ ਅੰਦੋਲਨ ਨਾਲ ਜੁੜੇ ਕਈ ਸੰਗਠਨਾਂ ਨੂੰ ਐਨ ਆਈ ਏ ਨੇ ਸੰਮਨ ਭੇਜ ਕੇ ਦਿੱਲੀ ਸੱਦਿਆ ਹੈ। ਇਸੇ ਸਬੰਧ ਵਿੱਚ ਮਿੱਠੂ ਅਤੇ ਉਸ ਦੇ ਦੋ ਦੋਸਤਾਂ ਨੂੰ ਵੀ ਸੱਦਿਆ ਸੀ।ਐਨ ਆਈ ਏ ਦੇ ਅਧਿਕਾਰੀਆਂ ਨੂੰ ਉਸ ਨੇ ਦੱਸਿਆ ਕਿ ਉਹ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੈ ਅਤੇ ਬਾਰਡਰ ਉਤੇ ਕਿਸਾਨਾਂ ਦੀ ਸੇਵਾ ਕਰਦੇ ਰਹੇ ਹਨ। ਇਸ ਦੇ ਲਈ ਜੋ ਪੈਸਾ ਖਰਚ ਹੋਇਆ ਹੈ, ਉਹ ਉਸ ਦੇ ਖਾਤੇ ’ਚੋਂ ਹੋਇਆ ਹੈ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN GLASS AND WINDOW

# ਕੀ ਲੇਬਰ ਕਾਨੂੰਨ 2020 ਮਜਦੂਰਾਂ ਦੇ ਹਿੱਤ ਵਿੱਚ ਹਨ ?



ਡਾ ਅਮਨਪ੍ਰੀਤ ਸਿੰਘ ਬਰਾੜ

ਨਵੇਂ ਸਾਲ ਵਿੱਚ ਸਰਕਾਰ ਹੁਣ ਹਿਰੀ ਮਜਦੂਰਾਂ ਨੂੰ ਵੀ ਤੋਹਫਾ ਦੇਣ ਜਾ ਰਹੀ ਹੈ। ਨਵੇਂ ਲੇਬਰ ਕੋਡ 1 ਅਪ੍ਰੈਲ 2021 ਤੋਂ ਲਾਗੂ ਕਰਕੇ। ਸਰਕਾਰ ਦੇ ਮੁਤਾਬਕ ਇਹ ਕਾਨੂੰਨ ਈ÷ ਆਫ ਡੂਇੰਗ ਬਿਜਨਸ(ਥ਼ਤਕ ਗਿ ੲਰਜਅਪ ੲਚਤ-ਜਅਕਤਤ) ਯਾਨੀ ਕੇ ਕਾਰੋਬਾਰ ਕਰਨ ਨੂੰ ਸੋਖਾ ਕਰਨਗੇ ਤੇ ਨਾਲ ਹੀ ਸਰਕਾਰ ਦਾ ਕਹਿਣਾ ਕੇ ਇਹ ਲੇਬਰ ਲਈ ਵੀ ਫਾਇਦੇਮੰਦ ਹੋਣਗੇ। ਦਰਸਲ ਪੁਰਾਣੇ 44 ਕਾਨੂੰਨਾ ਨੂੰ ਰੱਦ ਕਰਕੇ ਚਾਰ ਨਵੇਂ ਕਾਨੂੰਨ ਬਣਾਏ ਹਨ। ਤਿੰਨ ਕਾਨੂੰਨ ਖੇਤੀ ਕਾਨੂੰਨ ਨਾਲ ਪਾਸ ਕੀਤੇ ਗਏ ਸਨ ਅਤੇ ਇੱਕ ਕਾਨੂੰਨ 1 ਅਗਸਤ 2019 ਵਿੱਚ ਲਿਆਂਦਾ ਗਿਆ ਸੀ। ਸਰਕਾਰ ਦੀ ਗੱਲ੍ਹ ਮੰਨੀਏ ਤਾਂ ਇਹਨਾਂ ਕਾਨੂੰਨਾਂ ਨਾਲ ਬਾਹਰਲੇ ਮੁਲਕਾਂ ਦੀਆਂ ਕੰਪਨੀਆਂ ਦਾ ਨਿਵੇ ਵਧੇਗਾ ਅਤੇ ਉਹਨਾਂ ਲਈ ਕੰਮ ਕਰਨਾ ਸੋਖਾ ਹੋਵੇਗਾ। ਸੋਚਣ ਵਾਲੀ ਗੱਲ੍ਹ ਇਹ ਹੈ ਕਿ ਜਿਹੜੇ ਕਾਨੂੰਨ ਮਾਲਕ ਨੂੰ ਫਾਇਦਾ ਦੇਣਗੇ ਕੀ ਉਹ ਕਾਨੂੰਨ ਕੰਮ ਕਰਨ ਵਾਲਿਆਂ ਦੇ ਹੱਕ ਵਿੱਚ ਵੀ ਹੋਣਗੇ। ਨਵੇਂ ਚਾਰ ਕਾਨੂੰਨ ਜੋ ਬਣਾਏ ਗਏ ਹਨ।

1) ਇੰਡਸਟਰੀਅਲ ਰਿਲੇਨ ਕੋਡ ਬਿੱਲ 2020,
2) ਕੋਡ ਆਨ ਸੋਲ ਸਿਕਓਰਿਟੀ 2020,
3) ਆਕੂਪੇਨਲ ਸੇਫਟੀ, ਹੈਲਥ ਅਤੇ ਵਰਕਿੰਗ ਕੰਡੀਨ ਕੋਡ 2020,
4) ਵੇਜ (ਤਨਖਾਹ) ਬਿੱਲ 2019।

ਸਰਕਾਰ ਮੁਤਾਬਕ ਇਹ ਕਾਨੂੰਨ ਲੇਬਰ ਨੂੰ ਹੱਕ ਦਵਾਉਣਗੇ ਤੇ ਦੋਨਾਂ ਪਾਰਟੀਆਂ ਯਾਨੀ ਕੇ ਮਾਲਕ ਅਤੇ ਮ÷ਦੂਰ ਨੂੰ ਫ੍ਰੀਡਮ ਆਫ ਕਾਨਟਰੇਕਟ (ਇਕਰਾਰਨਾਮੇ ਦੀ ਅਜਾਦੀ) ਦੇਣਗੇ। ਪਰ ਸੋਚਣ ਵਾਲੀ ਗੱਲ੍ਹ ਕੇ ਕਦੇ ਸਰਮ-ਏਦਾਰ ਤੇ ਗਰੀਬ ਬੰਦੇ ਵਿੱਚ ਇਹੋ ਜਿਹੀ ਫਰੀਡਮ ਆਫ ਕਾਨਟਰੇਕਟ ਕਿਵੇਂ ਚੱਲ ਸਕਦੀ ਹੈ। ਗਰੀਬ ਬੰਦੇ ਨੂੰ ਤਾਂ ਦੋ ਵਕਤ ਦੀ ਰੋਟੀ ਦੀ ਫਿਕਰ ਹੈ ਉਸ ਦੀ ਕਾਰਖਾਨੇਦਾਰ ਨਾਲ ਬਰਾਬਰੀ ਨਹੀਂ ਹੋ ਸਕਦੀ। ਅੱਜ ਅਸੀ ਘੋਖਦੇ ਹਾਂ ਕਿਹੜੇ ਕਾਨੂੰਨ ਦਾ ਕਿਸ ਤਰ੍ਹਾਂ ਦਾ ਅਸਰ ਪਵੇਗਾ ਲੇਬਰ ਉੱਤੇ।

ਪਹਿਲਾਂ ਇੰਡਸਟਰੀਅਲ ਰਿਲੇਨ ਕੋਡ ਬਿੱਲ 2020 :- ਇਸ ਕੋਡ ਵਿੱਚ ਗੱਲ੍ਹ ਕੀਤੀ ਗਈ ਕੇ ਮਾਲਕ ਅਤੇ ਲੇਬਰ ਇਕ ਦੂਜੇ ਨਾਲ ਸਦਭਾਵਨਾ ਅਤੇ ਂਤੀ ਵਿੱਚ ਰਹਿਣਗੇ। ਇਸੇ ਦੇ ਮੁਤਾਬਕ ਜੇ ਕੋਈ ਵਿਅਕਤੀ 18000 ਰੁਪਏ ਮਹੀਨੇ ਤਨਖਾਹ ਲੈਂਦਾ ਹੈਅਤੇ ਉਹ ਕਿਸੇ ਨਿਰਧਾਰਤ ਸਮੇਂ ਲਈ (ਭਾਵ 2-3 ਸਾਲ) ਰੱਖਿਆ ਗਿਆ ਹੈ ਉਸਨੂੰ ਸਾਰੇ ਫਾਇਦੇ ਪੱਕੇ ਬੰਦੇ ਵਾਲੇ ਹੀ ਮਿਲਣਗੇ ਪਰ ਅਫਸੋਸ ਕਿ ਇਹ ਹੱਕ ਉਸ ਨੂੰ ਮਿਲਣਗੇ ਕਿਉਂਕਿ ਉਸਨੂੰ ਬਿਨ੍ਹਾਂ ਕਿਸੇ ਨੋਟਿਸ ਦੇ ਕੱਡਿਆ ਜਾ ਸਕਦਾ ਹੈ ਤੇ ਨਾ ਹੀ ਉਹ ਕਿਸੇ ਹੜਤਾਲ ਵਿੱਚ ਹਿੱਸਾ ਲੈ ਸਕਦਾ ਜਾਂ ਫਿਰ ਯੂਨੀਅਨ ਦਾ ਮੈਂਬਰ ਬਣ ਸਕਦਾ ਹੈ। ਇਸ ਕਾਨੂੰਨ ਦੇ ਵਿੱਚ ਨਵੀਂਆਂ ਤਬਦੀਲੀਆਂਲਿਆਂਦੀਆਂ ਗਈਆਂ ਹਨ। ਜਿਹੜੀਆਂ ਕੰਪਨੀਆਂ ਪਹਿਲਾਂ 100 ਤੋਂ ਜਿਆਦਾ ਲੇਬਰ ਰੱਖਦੀ ਸੀ ਉਸ ਕੰਪਨੀ ਨੂੰ ਬੰਦ ਕਰਨ ਵੇਲੇ ਜਾਂ ਲੇਬਰ ਨੂੰ ਕੱਢਣਾ ਹੋਵੇ ਉਸ ਲਈ ਸਰਕਾਰ ਤੋਂ ਮਨਜੂਰੀ ਲੈਣੀ ਜਰੂਰੀ ਸੀ ਹੁਣ ਇਹ ਅੰਕੜਾ 300 ਕਰ ਦਿੱਤਾ ਯਾਨੀ ਕੇ ਕਈ ਵੱਡੀਆਂ ਕੰਪਨੀਆਂ ਨੂੰ ਇਸ ਦਾ ਸਿੱਧਾ ਫਾਇਦਾ ਹੋਵੇਗਾ ਕੇ ਜਦੋਂ ਮਰਜੀ ਫੈਕਟਰੀ ਬੰਦ ਕਰ ਦਿਉ ਜਾਂ ਲੇਬਰ ਨੂੰ ਕੱਢ ਦਿਓ ਉਸ ਲਈ ਸਕਰਾਰੀ ਮੰਨਜੂਰੀ ਨਹੀਂ ਚਾਹੀਦੀ।

ਇਸ ਦੇ ਅਧੀਨ ਜੇ ਫੈਕਟਰੀ ਮਾਲਕ ਜਿਸ ਕੋਲ 300 ਜਾਂ ਇਸ ਤੋਂ ਵੱਧ ਲੇਬਰ ਹੈ। ਜੇ ਉਹ ਫੈਕਟਰੀ ਬੰਦ ਕਰਨਾ ਚਾਹੁੰਦਾ ਹੈ ਤਾਂ ਉਹ ਸਰਕਾਰ ਤੋਂ ਮਨਜੂਰੀ ਲਏਗਾ। ਪਰ ਜੇ ਸਰਕਾਰ ਕੋਈ ਜਵਾਬ ਨਹੀਂ ਦਿੰਦੀ ਤਾਂ ਉਹ ਇਸ ਨੂੰ ਬੰਦ

## ਲੇਬਰ ਕਾਨੂੰਨ 2020 ਦਾ ਮਜ਼ਦੂਰਾਂ 'ਤੇ ਪ੍ਰਭਾਵ

ਕਰਨ ਦਾ ਹੁਕਮ ਸਮਝੇਗੀ।

ਇਸ ਤੋਂ ਇਲਾਵਾ ਟਰੇਡ ਯੂਨੀਅਨ ਤੇ ਵੀ ਇਸ ਕਾਨੂੰਨ ਦਾ ਬੜਾ ਵੱਡਾ ਅਸਰ ਪੈਣ ਵਾਲਾ ਹੈ। ਇਸ ਦੇ ਮੁਤਾਬਕ ਜੇ ਇੱਕ ਤੋਂ ਜਿਆਦਾ ਟਰੇਡ ਯੂਨੀਅਨ÷ ਹਨ ਤਾਂ ਉੱਥੇ ਸਿਰਫ ਉਹ ਟਰੇਡ ਯੂਨੀਅਨ ਹੀ ਗੱਲਬਾਤ ਕਰੂਗੀ ਜਿਸ ਕੋਲ 51' ਲੇਬਰ ਦੇ ਮੈਂਬਰ ਹੋਣਗੇ ਇਸ ਦਾ ਮਤਲਬ ਕਿ ਕਾਰਖਾਨੇਦਾਰ ਕੁਝ ਲੇਬਰ ਨੂੰ ਲਾਲਚ ਦੇ ਕੇ ਦੋ ਤੋਂ ਵੱਧ ਯੂਨੀਅਨਾਂ ਖੜੀਆਂ ਕਰ ਸਕਦਾ ਹੈ ਤਾਂ ਕਿ ਅਸਲ ਯੂਨੀਅਨ ਦੇ ਮੈਂਬਰ 51' ਤੋਂ ਘੱਟ ਜਾਣ।

ਇਸ ਦੇ ਨਾਲ ਹੀ ਇਸ ਦੇ ਅਧੀਨ ਲੇਬਰ ਕੋਰਟ ਬੰਦ ਕਰ ਦਿੱਤੇ ਜਾਣਗੇ ਤੇ ਉਦਯੋਗਿਕ ਵਿਵਾਦ ਟ੍ਰਿਬਿਊਨਲ ਬਣਾਇਆ ਜਾਵੇਗਾ ਜਿਸ ਦੇ ਮੈਂਬਰ ਸਰਕਾਰੀ ਵਿਅਕਤੀ ਹੋਣਗੇ ਜੋ ਫੇਰ ਵੱਡੇ ਕਾਰਪੋਰੇਟ ਦੇ ਇਾਰਿਆਂ ਤੇ ਚੱਲਣਗੇ ਤੇ ਲੇਬਰ ਦੀ ਗੱਲ ਨਹੀਂ ਸੁਣਨਗੇ। ਜੇ ਲੇਬਰ ਹੜਤਾਲ ਕਰਨਾ ਚਾਹੇਗੀ ਤਾਂ ਉਹਨਾਂ ਨੂੰ ਘੱਟੋਂ ਘੱਟ 60 ਦਿਨਾਂ ਦਾ ਨੋਟਿਸ ਦੇਣਾ ਪਊਗਾ ਤੇ ਜਿਨ੍ਹਾਂ ਚਿਰ ਕੇਸ ਟ੍ਰਿਬਿਊਨਲ ਕੋਲ੍ਹ ਚਲਦਾ ਹੈ ਉਹਨਾਂ ਚਿਰ ਹੜਤਾਲ ਨਹੀਂ ਹੋ ਸਕਦੀ ਯਾਨੀ ਕੇ ਇਸਦਾ ਮਤਲਬ ਕੇ ਲੇਬਰ ਕੋਲ ਹੜਤਾਲ ਕਰਨ ਦਾ ਹੱਕ ਵੀ ਨਹੀਂ ਰਹੂਗਾ। ਲੇਬਰ ਟਰਿਬੂਨਲ ਦੇ ਫੈਸਲੇ ਤੋਂ ਬਾਅਦ ਵੀ 60 ਦਿਨ ਦਾ ਨੋਟਿਸ ਜਰੂਰੀ ਹੈ।

ਸਮਾਜਿਕ ਸੁਰੱਖਿਆ ਕੋਡ:ਸਮਾਜਿਕ ਸੁੱਰਖਿਆ ਕੋਡ ਸਾਰੀ ਲੇਬਰ ਫੋਰਸ ਨੂੰ ਕਵਰ ਨਹੀਂ ਕਰਦਾ ਉਸ ਨੂੰ ਇਸ ਅਧਾਰ ਤੇ ਵੰਡਿਆ ਗਿਆ ਹੈ ਕਿ ਕਿੱਥੇ ਕਿੰਨੀ ਲੇਬਰ ਕੰਮ ਕਰਦੀ ਹੈ। ਇਮਾਰਤ ਉੱਪਰ ਲੱਗੇ 10 ਤੋਂ ਘੱਟ ਉੱਤੇ ਇਹ ਕਾਨੂੰਨ ਲਾਗੂ ਨਹੀਂ ਹੁੰਦਾ। ਕਾਰਖਾਨਿਆਂ ਵਿੱਚ ਜਿੱਥੇ 20 ਤੋਂ ਘੱਟ ਕਾਮੇ ਕੰਮ ਕਰਦੇ ਹਨ ਉੱਥੇ ਵੀ ਇਹ ਕਾਨੂੰਨ ਲਾਗੂ ਨਹੀਂ ਹੁੰਦੇ। ਭਾਵ ਜਿੱਥੇ 20 ਤੋਂ ਘੱਟ ਮਜਦੂਰ ਕੰਮ ਕਰਦੇ ਹਨ ਉਹਨਾਂ ਤੇ ਪਰੋਵੀਡੈਂਟ ਫੰਡ ਜਾਂ ਬੋਨਸ ਆਦਿ ਦੇ ਨਿਯਮ ਲਾਗੂ ਨਹੀਂ ਹੁੰਦੇ। ਇਸ ਤਰ੍ਹਾਂ ਛੋਟੇ ਤੇ ਮੱਧਿਅਮ ਕਾਰਖਾਨਿਆਂ ਵਿੱਚ ਕੰਮ ਕਰਨ ਵਾਲੀ ਬਹੁਤੀ ਲੇਬਰ ਸਮਾਜਿਕ ਸੁਰੱਖਿਆ ਦੇ ਘੇਰੇ ਤੋਂ ਬਾਹਰ ਹੀ ਰਹਿ ਗਈ।

ਸੇਫਟੀ ਅਤੇ ਸਿਹਤ ਸਬੰਧੀ ਕਾਨੂੰਨ: ਇਸੇ ਤਰ੍ਹਾਂ ਕੰਮ ਵਾਲੀ ਥਾਂ ਤੇ ਸਫੇਟੀ ਅਤੇ ਸਿਹਤ ਸਬੰਧੀ ਕਾਨੂੰਨ ਜੋ ਕਾਰਖਾਨਿਆਂ, ਖਾਨ੍ਹਾਂ, ਪੱਤਰਕਾਰਾਂ ਅਤੇ ਅਖਬਾਰੀ ਕਾਮਿਆਂ ਤੇ ਲਾਗੂ ਹੁੰਦਾ ਹੈ ਉੱਥੇ ਇਹਨਾਂ ਥਾਵਾਂ ਤੇ ਲੇਬਰ ਇੰਸਪੈਕਟਰ ਅਚਨਚੇਤ ਚੈਕਿੰਗ ਨਹੀਂ ਕਰ ਸਕਦਾ, ਕੋਈ ਵੀ ਹੈਲਥ ਸਰਵੇ ਕਰਨ ਤੋਂ ਪਹਿਲਾਂ ਲੇਬਰ ਇੰਸਪੈਕਟਰ ਨੂੰ ਮਿਲ ਮਾਲਕ ਨੂੰ ਲਿਖਤੀ ਨੋਟਿਸ ਦੇਣਾ ਹੋਵੇਗਾ। ਭਾਵ ਮਿਲ ਮਾਲਕ ਤੋਂ ਮਜਦੂਰਾਂ ਦੀਆਂ ਸਹੂਲਤਾਂ ਦੀ ਚੈਕਿੰਗ ਲਈ ਇੰਸਪੈਕਟਰ ਨੂੰ ਮੰਨਜੂਰੀ ਲੈਣੀ ਹੋਵੇਗੀ। ਇਹ ਕਾਨੂੰਨ ਉੱਥੇ ਲਾਗੂ ਹੋਵ-ੇਗਾ ਜਿੱਥੇ ਪਾਵਰ ਦੀ ਵਰਤੋਂ ਹੁੰਦੀ ਹੈ ਉੱਥੇ 20 ਕਾਮੇ ਜਿੱਥੇ ਪਾਵਰ ਦੀ ਵਰਤੋਂ ਨਹੀਂ ਹੁੰਦੀ ਉੱਥੇ 40 ਤੋਂ ਵੱਧ ਕਾਮੇ ਕੰਮ ਕਰਦੇ ਹਨ। ਜਿੱਥੇ 250 ਤੋਂ ਵੱਧ ਕਾਮੇ ਕੰਮ ਕਰਦੇ ਹਨ ਉੱਥੇ ਸੇਫਟੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਇਸ ਦਾ ਮਤਲਬ 90 ਪ੍ਰਤੀਤ ਤੋਂ ਵੱਧ ਯੂਨਿਟਾਂ ਵਿੱਚ ਇਹ ਕਮੇਟੀਆਂ ਬਣਾਉਣਾ ਹੀ ਜਰੂਰੀ ਨਹੀਂ ਅਤੇ ਲੇਬਰ ਇੰਸਪੈਕਟਰ ਦੀ ਪਾਵਰ ਸੀਮਤ ਕਰ ਦਿੱਤੀ ਹੈ। ਇਸ ਸਭ ਤੋਂ ਉੱਤੇ ਜੇ ਕੋਈ ਫਰਮ ਸੇਫਟੀ ਸਹੂਲਤਾਂ ਨਹੀਂ ਦਿੰਦੀ ਤਾਂ ਉੱਥੇ ਪਨੈਲਟੀ ਦਾ ਪਰਾਵਧਾਨ ਵੀ ਕੋਈ ਸਖਤ ਨਹੀਂ ਬਲਕਿ ਮਾਮੂਲੀ ਪਨੇਲਟੀ ਨਾਲ ਹੀ ਮਾਲਕ ਨੂੰ ਛੱਡ ਦਿੱਤਾ ਜਾਵੇਗਾ।

ਇਹ ਬਿੱਲ 2020 ਸਰਕਾਰ ਨੂੰ ਇਹ ਪਾਵਰ ਵੀ ਦਿੰਦਾ ਹੈ ਕਿ ਸਰਕਾਰ ਕਿਸ ਵੀ ਨਵੇਂ ਲੱਗਣ ਵਾਲੇ ਯੂਨਿਟ ਤੇ ਇਹ ਕਾਨੂੰਨ ਲਾਗੂ ਕਰਨ ਤੋਂ ਮਨ੍ਹਾਂ ਕਰ ਸਕਦੀ ਹੈ ਭਾਵ ਜੇ ਨਵਾਂ ਯੂਨਿਟ ਲੱਗਦਾ ਹੈ ਤਾਂ ਉੱਥੇ ਮਜਦੂਰਾਂ ਦੀ ਸਿਹਤ ਸਬੰਧੀ ਨਿਯਮ ਲਾਗੂ ਕਰਨਾ ਕੋਈ ਜਰੂਰੀ ਨਹੀਂ। ਵੇ÷ ਕੋਡ 2019: ਵੇ÷ (ਤਨਖਾਹ) ਕੋਡ 2019 ਜਿਸ ਵਿੱਚ ਵੱਡੀ ਤਬਦੀਲੀ ਜੋ ਮ÷ਦੂਰਾਂ ਨੂੰ ਪ੍ਰਭਾਵਤ ਕਰੇਗੀ ਉਹ ਹੈ ਘੱਟੋ ਘੱਟ ਮ÷ਦੂਰੀ। ਕੇਂਦਰ ਸਰਕਾਰ ਦੇ ਦੇ ਵੱਖ ਵੱਖ ਹਿੱਸਿਆਂ ਵਿੱਚ ਮ÷ਦੂਰਾਂ ਦੇ ਰਹਿਣ ਸਹਿਣ ਦੇ ਖਰਚੇ ਨੂੰ ਧਿਆਨ ਵਿੱਚ ਰੱਖ ਕੇ ਘੱਟੋ ਘੱਟ ਮ÷ਦੂਰੀ ਦੀ ਦਰ ਤੈਅ ਕਰੇਗੀ ਜੇ ਦੇ ਦੇ ਕਿਸੇ ਹਿੱਸੇ ਵਿੱਚ ਮਜਦੂਰੀ ਹੁਣ ਕੇਂਦਰ ਦੀ ਨਿਰਧਾਰਤ ਕੀਤੀ ਦਰ ਨਾਲੋਂ ਜਿਆਦਾ ਹੈ ਤਾਂ ਉਹ ਘਟਾਈ ਨਹੀ ਂਜਾ ਸਕਦੀ। ਇਸ ਤੋਂ ਅੱਗੇ ਅਹਿਮ ਗੱਲ ਇਹ ਹੈ ਕਿ ਮਜਦੂਰੀ ਦੀ ਦਰ ਦੀ ਸੋਧ 5 ਸਾਲ ਵਿੱਚ ਇਕ ਵਾਰ ਕਰਨੀ ਜਰੂਰੀ ਹੋਵੇਗੀ। ਭਾਵ ਜੋ ਮਜਦੂਰੀ ਦੀ ਦਰ ਇਕ ਵਾਰ ਲਾਗੂ ਹੋ ਗਈ ਉਹ 5 ਸਾਲ ਚਲਾਈ ਜਾ ਸਕਦੀ ਹੈ ਕਿਉਂ ਕਿ 5 ਸਾਲ ਵਿੱਚ ਇਕ ਵਾਰ ਸੋਧ ਕਾਨੂੰਨੀ ਤੌਰ ਤੇ ਜਰੂਰੀ ਹੈ। ਇਸ ਲਈ ਮਹਿੰਗਾਈ ਭਾਵੇਂ ਵਧੀ ਵੀ ਜਾਵੇ ਸਨਤਕਾਰ ਜਾਂ ਮਾਲਕ ਇਸ ਰਵੀ÷ਨ ਨੂੰ ਜਿੰਨ੍ਹਾਂ ਚਿਰ ਲਟਕਾ ਸਕਦਾ ਲਟਕਾਵੇਗਾ। ਪੁਰਾਣੇ ਕਾਨੂੰਨ ਮੁਤਾਬਕ ਘੱਟੋਂ ਘੱਟ ਉਜਰਤਾਂ ਹਰ ਸਾਲ ਮਹਿੰਗਾਈ ਦੇ ਹਿਸਾਬ ਨਾਲ ਨਿਰਧਾਰਤ ਕੀਤੀਆਂ ਜਾਂਦੀਆਂ ਹਨ।

ਅਸਲ ਵਿੱਚ ਇਹ ਸਾਰੇ ਲੇਬਰ ਕਾਨੂੰਨ ਕਾਰਖਾਨੇਦਾਰਾਂ ਜਾਂ ਕੰਪਨੀਆਂ ਜਿਨ੍ਹਾਂ ਨੂੰ ਲੇਬਰ ਦੀ ਲੋੜ ਹੈ ਉਹਨਾਂ ਦੇ ਹਿੱਤ ਪੂਰਨ ਲਈ ਬਣਾਏ ਗਏ ਹਨ ਨਾ ਕੇ ਮਜਦੂਰਾਂ ਦੀ ਸੁਰੱਖਿਆ ਲਈ। ਡਾਇਰੈਕਟਰ ਜਨਰਲ ਕਨਫੈਡਰੇਨ ਆਫ ਇੰਨਡੀਅਨ ਇੰਡਸਟਰੀ÷੍ਰੀ ਚੰਦਰਜੀਤ ਬੈਨਰਜੀ ਅਨੁਸਾਰ ਇਹਨਾ ਬਿਲਾਂ ਦੇ ਲਾਗੂ ਹੋਣ ਨਾਲ ਭਾਰਤ ਵਿੱਚ ਨਿਵੇ ਵਧੇਗਾ ਕਿਉਂਕਿ ਇੰਡਸਟਰੀ ਲਗਾਉਣ ਵਾਲੇ ਇਹ ਸਮਝਦੇ ਹਨ ਨਿਯਮਾਂ ਵਿੱਚ ਬਦਲਾਅ ਕਾਰਨ ਲੇਬਰ ਨੂੰ ਲਗਾਉਣਾ ਅਤੇ ਕੱਢਣਾ ਸੁਖਾਲਾ ਹੋ ਜਾਵੇਗਾ ਅਤੇ ਦੇ ਵਿੱਚ ਬੇਰੋਜਗਾਰੀ ਘਟੇਗੀ। ਅਸਲੀਅਤ ਇਹ ਹੈ ਕਿ ਇਹਨਾਂ ਕਾਨੂੰਨਾਂ ਦਾ ਮਜਦੂਰਾਂ ਦੀ ਭਲਾਈ ਨਾਲ ਕੋਈ ਲੈਣਾ ਦੇਣਾ ਨਹੀਂ ਪਰ ਵਪਾਰ ਕਰਨ ਵਿੱਚ ਸਹੂਲਤ ਵਧੇਗੀ।

ਨੀਤੀ ਘਾੜਿਆਂ ਮੁਤਾਬਿਕ ਲੇਬਰ ਕੋਡ ਬਿਲ 2020 ਲਾਗੂ ਹੋਣ ਨਾਲ ਦੇ ਈਜ ਆਫ ਡੂਇੰਗ ਬਿਜਨਸ ਵਿੱਚ (ਕਾਰੋਬਾਰ ਕਰਨ ਦੀ ਸੋਖ ਵੱਜੋਂ) ਦੁਨੀਆਂ ਦੇ ਪਹਿਲੇ 10 ਦੇਾਂ ਵਿੱਚ ਆ ਜਾਵੇਗਾ। ਇਸ ਵਕਤ ਇਹ 63ਵੇਂ ਨੰਬਰ ਤੇ ਹੈ। ਇਸ ਕਰਕੇ ਜਿੰਨ੍ਹੀਆਂ ਦੇ ਵਿੱਚ ਮਜਦੂਰ ਭਲਾਈ ਜੱਥੇਬੰਦੀਆਂ ਹਨ ਉਹਨਾਂ ਸਾਰਿਆਂ ਨੂੰ ਇਹ ਚਾਰੇ ਲੇਬਰ ਕਾਨੂੰਨ ਚੰਗੀ ਤਰ੍ਹਾਂ ਪੜਨੇ ਅਤੇ ਘੋਖਣੇ ਚਾਹੀਦੇ ਹਨ। ਇਸ ਸਾਰੇ ਦੇ ਵਿੱਚ ਇੱਕ ਗੱਲ ਨਿਕਲ ਕੇ ਆਉਂਦੀ ਹੈ ਕਿ ਸਰਕਾਰ ਲੇਬਰ ਦੇ ਭਲੇ ਦੀ ਆੜ੍ਹ ਵਿੱਚ ਕਾਰਪੋਰੇਟਾਂ ਦਾ ਫਾਇਦਾ ਕਰਨਾ ਚਾਹੁੰਦੀ ਹੈ, ਕਿਉਂਕਿ ਜਿੱਥੇ ਲੇਬਰ ਫਾਲਤੂ ਹੋਵੇ ਤੇ ਰੋਜਗਾਰ ਘੱਟ ਹੋਵੇ ਉੱਥੇ ਲੇਬਰ ਦਾ ੋਣ ਹੋਣਾ ਲਾ÷ਮੀ ਹੈ। ਇਹ ਕਾਨੂੰਨ ਲੇਬਰ ਦਾ ਮੋਨ ਵਧਾਉਣਗੇ। ਪਿਛਲੇ 70 ਸਾਲ੍ਹਾਂ ਵਿੱਚ ਜੋ ਕਾਨੂੰਨ ਲੇਬਰ ਦੇ ਭਲੇ ਲਈ ਬਣੇ ਸੀ ਉਹ ਅਜੇ ਪੂਰੀ ਤਰ੍ਹਾਂ ਲੇਬਰ ਨੂੰ ਹੱਕ ਦਵਾਉਣ ਵਿੱਚ ਸਫਲ ਨਹੀਂ ਹੋਏ। ਉਹਨਾਂ ਨੂੰ ਹੋਰ ਮ÷ਬੂਤ ਕਰਨ ਦੀ ਬਜਾਏ ਸਗੋ ਦੁਬਾਰਾ ਅਜਾਦੀ ਤੋਂ ਪਹਿਲਾਂ ਦੇ ਦੌਰ ਵਿੱਚ ਮੁੜ ਗਏ। ਇਸ ਦਾ ਸਿੱਧਾ ਅਸਰ ਸਾਡੀ ਆਰਥਿਕਤਾ ਅਤੇ ਸਮਾਜਿਕ ਤਾਣੇ-ਬਾਣੇ ਤੇ ਪਵੇਗਾ। ਜਿਸ ਮੁਲਕ ਦੀ ਬਹੁਤੀ ਅਬਾਦੀ ਲੇਬਰ ਹੋਵੇ ਉੱਥੇ ਇਹੋ ਜਿਹੇ ਕਾਨੂੰਨ ਬੇਚੈਨੀ ਹੀ ਲਿਆਉਣਗੇ ਜਿਸ ਨਾਲ ਕਾਰੋਬਾਰ ਕਰਨ ਦੀ ਸੋਖ ਦਾ ਗਰਾਫ ਉੱਪਰ ਜਾਣ ਦੀ ਬਜਾਏ ਹੇਠਾਂ ਡਿਗੇਗਾ।

96537-90000


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.
















# ‘ਭਾਰਤ ਮਹਾਨ’ ਕਹਾਉਂਦੇ ਦੇਸ਼ ਵਿੱਚ ਵਿਚਾਰਗੀ ਦਾ ਨਾਂਅ ਗਣਤੰਤਰ



ਜਤਿੰਦਰ ਪੰਨੂ

ਲੋਕਤੰਤਰੀ ਪ੍ਰਬੰਧ ਵਾਲੇ ਕਿਸੇ ਵੀ ਦੇਸ਼ ਦੇ ਲੋਕਾਂ ਲਈ ਉਸ ਦੇਸ਼ ਦਾ ਗਣਤੰਤਰ ਦਿਵਸ ਇੱਕ ਚਾਅ ਵਾਲਾ ਦਿਨ ਹੋਣਾ ਚਾਹੀਦਾ ਹੈ। ਅਸੀਂ ਬਚਪਨ ਵਿੱਚ ਇਹੋ ਜਿਹਾ ਚਾਅ ਭਾਰਤੀ ਲੋਕਾਂ ਦੇ ਚਿਹਰਿਆਂ ਉੱਤੇ ਵੀ ਵੇਖਦੇ ਰਹੇ ਹਾਂ ਤੇ ਇਹ ਚਾਅ ਪੰਜਾਬੀ ਲੋਕਾਂ ਵਿੱਚ ਸਾਰੇ ਦੇਸ਼ ਦੇ ਲੋਕਾਂ ਜਿੰਨਾ ਹੀ ਹੋਇਆ ਕਰਦਾ ਸੀ। ਇਹ ਚਾਅ ਸੜਕਾਂ ਉੱਤੇ ਰੋੜੀ ਕੁੱਟ ਰਹੇ ਮਜ਼ਦੂਰਾਂ ਦੇ ਚਿਹਰੇ ਉੱਤੇ ਓਦੋਂ ਵੀ ਖਾਸ ਨਜ਼ਰ ਨਹੀਂ ਸੀ ਆਉਂਦਾ, ਰਿਕਸ਼ਾ ਚਲਾ ਕੇ ਲੋਕਾਂ ਦਾ ਭਾਰ ਖਿੱਚਦਾ ਮਜ਼ਦੂਰ ਵੀ ਵਿਖਾਵੇ ਦੇ ਚਾਅ ਤੋਂ ਅੱਗੇ ਨਹੀਂ ਸੀ ਵਧਦਾ, ਖੇਤਾਂ ਵਿੱਚ ਬਲਦਾਂ ਨਾਲ ਹਲ਼ ਵਾਹੁੰਦਾ ਕਿਸਾਨ ਵੀ ਗਣੰਤਤਰ ਦਿਵਸ ਬਾਰੇ ਖਿੜ ਕੇ ਗੱਲ ਨਹੀਂ ਸੀ ਕਰਦਾ ਹੁੰਦਾ, ਪਰ ਨਿਰਾਸ਼ਾ ਪ੍ਰਗਟ ਕੋਈ ਨਹੀਂ ਸੀ ਕਰਦਾ। ਇਸ ਸਾਲ ਗਣਤੰਤਰ ਦਿਵਸ ਜਦੋਂ ਆਉਣਾ ਸੀ, ਭਾਰਤ ਵਿੱਚ ਕਿਸਾਨਾਂ ਦਾ ਆਪਣੇ ਹੱਕਾਂ ਵਾਸਤੇ ਸੰਘਰਸ਼ ਚੱਲਦਾ ਹੋਣ ਕਾਰਨ ਹਰ ਕਿਸੇ ਦਾ ਧਿਆਨ ਇਸੇ ਵੱਲ ਲੱਗਾ ਪਿਆ ਸੀ ਅਤੇ ਬਾਈ ਜਨਵਰੀ ਨੂੰ ਸਰਕਾਰ ਅਤੇ ਕਿਸਾਨ ਆਗੂਆਂ ਦੀ ਮੀਟਿੰਗ ਤੋਂ ਆਸ ਸੀ ਕਿ ਉਹ ਕੁਝ ਇਹੋ ਜਿਹਾ ਰਸਤਾ ਕੱਢੇਗੀ ਕਿ ਦੇਸ਼ ਵਿੱਚ ਖੁਸ਼ੀਆਂ ਦਾ ਬੁੱਲਾ ਆ ਸਕੇ। ਏਦਾਂ ਦਾ ਕੁਝ ਹੋਣ ਦੀ ਬਜਾਏ ਮੀਟਿੰਗਾਂ ਦੇ ਆਸਰੇ ਜਿਹੜੀ ਆਸ ਦੀ ਕਿਰਨ ਅਜੇ ਤੱਕ ਬਚੀ ਹੋਈ ਸੀ, ਉਹ ਵੀ ਇਸ ਦਿਨ ਟੁੱਟ ਗਈ।

ਇਸ ਮਾਮਲੇ ਵਿੱਚ ਜਿਹੜੀਆਂ ਗੱਲਾਂ ਨੋਟ ਕਰਨ ਵਾਲੀਆਂ ਹਨ, ਉਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਜਦੋਂ ਭਾਰਤ ਦੇਸ਼ ਕੋਰੋਨਾ ਵਾਇਰਸ ਦਾ ਟਾਕਰਾ ਕਰਨ ਵਿੱਚ ਉਲਝਿਆ ਹੋਇਆ ਸੀ, ਮੌਤਾਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਸੀ, ਕੇਂਦਰ ਦੀ ਸਰਕਾਰ ਨੂੰ ਨਵੇਂ ਖੇਤੀ ਕਾਨੂੰਨ ਬਣਾਉਣ ਲਈ ਇਹੋ ਮੌਕਾ ਠੀਕ ਕਿਉਂ ਲੱਗਾ? ਆਮ ਪ੍ਰਭਾਵ ਇਹੀ ਹੈ ਕਿ ਸਰਕਾਰ ਦਾ ਖਿਆਲ ਸੀ ਕਿ ਕੋਰੋਨਾ ਵਾਇਰਸ ਦੇ ਖਤਰੇ ਕਾਰਨ ਕਿਸਾਨ ਬਹੁਤ ਵੱਡੀ ਗਿਣਤੀ ਵਿੱਚ ਇਕੱਠ ਕਰਨ ਤੋਂ ਝਿਜਕਦੇ ਰਹਿਣਗੇ ਅਤੇ ਰੌਲੇ-ਰੱਪੇ ਵਿੱਚ ਇਹ ਕਾਨੂੰਨ ਲਾਗੂ ਹੋ ਜਾਣਗੇ। ਉਂਜ ਇਹ ਕਾਨੂੰਨ ਰੌਲੇ-ਰੱਪੇ ਵਿੱਚ ਲਾਗੂ ਕਰਨ ਦੀ ਗੱਲ ਹੀ ਨਹੀਂ, ਪਾਰਲੀਮੈਂਟ ਵਿੱਚ ਪਾਸ ਵੀ ਬਹਿਸ ਕਰਵਾਏ ਜਾਂ ਵੋਟਾਂ ਪਵਾਏ ਤੋਂ ਬਿਨਾਂ ਕਰਾਏ ਸਨ। ਵਿਰੋਧੀ ਧਿਰ ਦੀ ਗੱਲ ਸੁਣਨ ਦੀ ਥਾਂ ਜਿਸ ਦੇਸ਼ ਦੀ ਪਾਰਲੀਮੈਂਟ ਵਿੱਚ ਹੰਗਾਮੇ ਦੌਰਾਨ ਇਸ ਤਰ੍ਹਾਂ ਦੇ ਅਹਿਮ ਬਿੱਲ ਆਵਾਜ਼ ਦੀ ਵੋਟ ਦਾ ਸਾਂਗ ਰਚ ਕੇ ਪਾਸ ਕਰਵਾਏ ਜਾਣ, ਉਸ ਦਾ ਅਕਸ ਕਿਸੇ ਗਣਤੰਤਰੀ ਦੇਸ਼ ਵਿੱਚ ਜਿੰਦਾਂ ਦੀ ਪਾਰਲੀਮੈਂਟ ਚਾਹੀਦੀ ਹੈ, ਓਦਾਂ ਦਾ ਨਹੀਂ ਬਣ ਸਕਦਾ। ਦੂਸਰੀ ਗੱਲ ਇਹ ਕਿ ਕਰੋੜਾਂ ਕਿਸਾਨ ਜਿਸ ਹਾਲਤ ਵਿੱਚ ਰਾਤ-ਦਿਨ ਮਿੱਟੀ ਨਾਲ ਮਿੱਟੀ ਹੁੰਦੇ ਅਤੇ ਇੱਕ ਸੌ ਚਾਲੀ ਕਰੋੜ ਲੋਕਾਂ ਦਾ ਪੇਟ ਪਾਲਦੇ ਹਨ, ਉਨ੍ਹਾਂ ਨੂੰ ਅੱਖੋਂ ਪਰੋਖੇ ਕਰ ਕੇ ਸਿਰਫ ਦੋ ਵੱਡੇ ਪੂੰਜੀਪਤੀ ਘਰਾਣਿਆਂ ਨਾਲ ਸਾਂਝ ਪੁਗਾਉਣ ਵਿੱਚ ਜਿਵੇਂ ਇਸ ਦੇਸ਼ ਦੇ ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਲੋਕਾਂ ਦੇ ਖਿਲਾਫ ਡੰਡਾ ਚੁੱਕਣ ਤੁਰ ਪਈ ਹੈ, ਉਹ ਵਿਹਾਰ ਵੀ ਲੋਕਤੰਤਰੀ ਨਹੀਂ ਕਿਹਾ ਜਾ ਸਕਦਾ। ਸਰਕਾਰ ਦੀ ਤੀਸਰੀ ਗਲਤੀ ਇਹ ਸੀ ਕਿ ਜਦੋਂ ਮੁੱਢਲੇ ਪੜਾਅ ਉੱਤੇ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਕੁਝ ਸਮਾਂ ਸਸਪੈਂਡ ਕਰਨ ਦਾ ਐਲਾਨ ਕਰ ਕੇ ਕਿਸਾਨਾਂ ਨਾਲ ਗੱਲ ਚਲਾਈ ਜਾ ਸਕਦੀ ਸੀ, ਓਦੋਂ ਇਹ ਕੰਮ ਕੀਤਾ ਨਹੀਂ ਅਤੇ ਜਦੋਂ ਲੜਾਈ ਬੜੇ ਨਾਜ਼ਕ ਮੋੜ ਤੱਕ ਪੁੱਜ ਗਈ, ਓਦੋਂ ਇਨ੍ਹਾਂ ਕਾਨੂੰਨਾਂ ਨੂੰ ਸਸਪੈਂਡ ਕਰਨ ਦੀ ਗੱਲ ਚਲਾਈ ਗਈ ਹੈ। ਇਸ ਤੋਂ ਸਾਫ ਹੈ ਕਿ ਸਰਕਾਰ ਆਪਣੇ ਹੱਠੀ ਵਿਹਾਰ ਦੇ ਨਾਲ ਹਰ ਮੋੜ ਉੱਤੇ ਗਲਤੀਆਂ ਕਰਦੀ ਗਈ ਤੇ ਗਣਤੰਤਰ ਦਿਵਸ ਤੱਕ ਦੇਸ਼ ਨੂੰ ਜਿੱਲ੍ਹਣ ਵਿੱਚ ਫਸਾਉਣ ਦਾ ਕਾਰਨ ਖੁਦ ਬਣੀ ਹੈ।



ਗਲਤੀਆਂ ਸਰਕਾਰ ਦੀਆਂ ਸਨ, ਨਿਸ਼ਾਨਾ ਫਿਰ ਕਿਸਾਨਾਂ ਨੂੰ ਬਣਾਇਆ ਗਿਆ ਤੇ ਸਾਰੇ ਦੇਸ਼ ਵਿੱਚ ਉਨ੍ਹਾਂ ਖਿਲਾਫ ਪ੍ਰਚਾਰ ਦੀ ਮੁਹਿੰਮ ਚਲਾਈ ਗਈ। ਕੇਂਦਰ ਸਰਕਾਰ ਦੇ ਇੱਕ ਮੰਤਰੀ ਨੇ ਦੋਸ਼ ਲਾਇਆ ਕਿ ਕਿਸਾਨਾਂ ਨੂੰ ਪਾਕਿਸਤਾਨ ਵੱਲੋਂ ਫੰਡਿੰਗ ਕੀਤੀ ਜਾਂਦੀ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕਹਿ ਦਿੱਤਾ ਕਿ ਅਸੀਂ ਰਾਮ ਮੰਦਰ ਬਣਾਉਣ ਲੱਗੇ ਹਾਂ, ਜਿਨ੍ਹਾਂ ਨੂੰ ਇਹ ਬਰਦਾਸ਼ਤ ਨਹੀਂ ਹੁੰਦਾ, ਉਹ ਲੋਕ ਖੇਤੀਬਾੜੀ ਕਾਨੂੰਨਾਂ ਦੇ ਬਹਾਨੇ ਸੰਘਰਸ਼ ਕਰਦੇ ਪਏ ਹਨ। ਭਾਰਤ ਦੇਸ਼ ਦੀ ਆਬਾਦੀ ਵਿੱਚ ਜਿਸ ਤਰ੍ਹਾਂ ਅੱਸੀ ਫੀਸਦੀ ਹਿੰਦੂ ਹਨ, ਓਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਕਿਸਾਨਾਂ ਵਿੱਚ ਕਰੀਬ ਅੱਸੀ ਫੀਸਦੀ ਹਿੰਦੂ ਹਨ, ਉਹ ਰਾਮ ਮੰਦਰ ਦਾ ਵਿਰੋਧ ਕਰਦੇ ਹਨ, ਇਹ ਗੱਲ ਹੋਸ਼ ਵਾਲਾ ਕੋਈ ਬੰਦਾ ਨਹੀਂ ਮੰਨੇਗਾ। ਫਿਰ ਰਾਜਸਥਾਨ ਤੋਂ ਭਾਜਪਾ ਦੀ ਇੱਕ ਪਾਰਲੀਮੈਂਟ ਮੈਂਬਰ ਬੀਬੀ ਨੇ ਇਹ ਗੱਲ ਕਹਿ ਦਿੱਤੀ ਕਿ ਦਿੱਲੀ ਦੇ ਬਾਹਰ ਖਾਲਿਸਤਾਨ ਦੀ ਮੰਗ ਕਰਨ ਵਾਲੇ ਲੋਕ ਏ ਕੇ-ਸੰਤਾਲੀ ਰਾਇਫਲਾਂ ਲੈ ਕੇ ਆ ਬੈਠੇ ਹਨ। ਇਸ ਨਾਲੋਂ ਘਟੀਆ ਤੁਹਮਤ ਹੋਰ ਕੋਈ ਨਹੀਂ ਲਾਈ ਜਾ ਸਕਦੀ। ਕਿਸੇ ਇੱਕ ਵੀ ਵਿਅਕਤੀ ਦੇ ਕੋਲ ਓਥੇ ਰਾਈਫਲ ਨਹੀਂ ਸੀ। ਏਦਾਂ ਦੀਆਂ ਤੁਹਮਤਾਂ ਭਾਜਪਾ ਨਾਲ ਜੁੜੇ ਹੋਏ ਕਈ ਹੋਰ ਲੀਡਰਾਂ ਨੇ ਵੀ ਬਿਨਾਂ ਸੋਚੇ ਲਾਈਆਂ ਅਤੇ ਹਾਲਾਤ ਨੂੰ ਭੜਕਾਉਣ ਦਾ ਯਤਨ ਕੀਤਾ ਹੈ।

ਕੇਂਦਰ ਸਰਕਾਰ ਚਲਾ ਰਹੀ ਪਾਰਟੀ ਦੇ ਪਿਛਲੱਗਾਂ ਦਾ ਇਸ ਪ੍ਰਚਾਰ ਮੋਰਚੇ ਦਾ ਇੱਕ ਕੋਝਾ ਰੰਗ ਹੋਰ ਵੀ ਹੈ। ਜਦੋਂ ਇਹ ਵੇਖਿਆ ਕਿ ਪੰਜਾਬ ਤੋਂ ਸ਼ੁਰੂ ਹੋਏ ਸੰਘਰਸ਼ ਵਿੱਚ ਹਰਿਆਣੇ ਤੇ ਉੱਤਰ ਪ੍ਰਦੇਸ਼ ਦੇ ਕਿਸਾਨ ਵੀ ਆਣ ਪੁੱਜੇ ਤੇ ਫਿਰ ਰਾਜਸਥਾਨ, ਉੱਤਰਾ ਖੰਡ, ਮੱਧ ਪ੍ਰਦੇਸ਼ ਤੋਂ ਬਾਅਦ ਗੁਜਰਾਤ ਤੇ ਮਹਾਰਾਸ਼ਟਰ ਵਾਲੇ ਕਿਸਾਨ ਵੀ ਇਨ੍ਹਾਂ ਨਾਲ ਜੁੜਨ ਲੱਗੇ ਹਨ ਤਾਂ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੇ ਖਿਲਾਫ ਨਵਾਂ ਪ੍ਰਚਾਰ ਮੋਰਚਾ ਸ਼ੁਰੂ ਕਰ ਦਿੱਤਾ ਗਿਆ। ਮੱਧ ਪ੍ਰਦੇਸ਼ ਦਾ ਇੱਕ ਭਾਜਪਾ ਨੇਤਾ ਓਥੇ ਇਕੱਠੇ ਕੀਤੇ ਕਿਸਾਨਾਂ ਨੂੰ ਇਹ ਕਹਿਣ ਲੱਗ ਪਿਆ ਕਿ ਪੰਜਾਬ ਤੇ ਹਰਿਆਣੇ ਦੇ ਕਿਸਾਨ ਬਾਕੀ ਦੇਸ਼ ਤੋਂ ਖੁਸ਼ਹਾਲ ਹੋ ਜਾਣ ਪਿੱਛੋਂ ਇਸ ਲਈ ਭੜਕਦੇ ਪਏ ਹਨ ਕਿ ਅਸੀਂ ਉਨ੍ਹਾਂ ਵੱਲੋਂ ਕੁਝ ਧਿਆਨ ਹਟਾ ਕੇ ਦੇਸ਼ ਦੇ ਬਾਕੀ ਰਾਜਾਂ ਦੇ ਕਿਸਾਨਾਂ ਵੱਲ ਲਾਉਣਾ ਹੈ। ਮਿਸਾਲ ਉਸ ਨੇ ਇਹ ਦਿੱਤੀ ਕਿ ਪੰਜਾਬ ਤੇ ਹਰਿਆਣੇ ਵਿੱਚ ਫਸਲ ਖਰੀਦਣ ਲਈ ਘੱਟੋ-ਘੱਟ ਖਰੀਦ ਕੀਮਤ, ਐੱਮ ਐੱਸ ਪੀ, ਲਾਗੂ ਹੋਣ ਕਾਰਨ ਓਥੇ ਝੋਨਾ ਅਠਾਰਾਂ ਸੌ ਰੁਪਏ ਕੁਇੰਟਲ ਤੋਂ ਵੱਧ ਵਿਕਦਾ ਹੈ ਤੇ ਸਾਡੇ ਮੱਧ ਪ੍ਰਦੇਸ਼ ਵਿੱਚ ਕੋਈ ਛੇ ਸੌ ਰੁਪਏ ਨੂੰ ਨਹੀਂ ਚੁੱਕਦਾ। ਉਸ ਦੀ ਗੱਲ ਬਿਲਕੁਲ ਠੀਕ ਹੈ, ਪਰ ਮੱਧ ਪ੍ਰਦੇਸ਼ ਦੇ ਕਿਸਾਨਾਂ ਨੂੰ ਭਾਜਪਾ ਦੀਆਂ ਲਗਾਤਾਰ ਚਾਰ ਸਰਕਾਰਾਂ ਰਹਿਣ ਮਗਰੋਂ ਵੀ ਜੇ ਉਨ੍ਹਾਂ ਦਾ ਹੱਕ ਨਹੀਂ ਮਿਲਦਾ ਪਿਆ ਤਾਂ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਕਸੂਰ ਨਹੀਂ, ਮੱਧ ਪ੍ਰਦੇਸ਼ ਦੀਆਂ ਭਾਜਪਾ ਸਰਕਾਰਾਂ ਚਲਾਉਣ ਵਾਲੇ ਆਗੂਆਂ ਦਾ ਕਸੂਰ ਹੈ। ਅਸੀਂ ਚਾਹਾਂਗੇ ਕਿ ਮੱਧ ਪ੍ਰਦੇਸ਼ ਦੇ ਕਿਸਾਨਾਂ ਨੂੰ ਵੀ ਪੂਰਾ ਹੱਕ ਦਿੱਤਾ ਜਾਵੇ, ਪਰ ਇਹ ਹੱਕ ਦੇਣ ਲਈ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦਾ ਵਿਰੋਧ ਕਰਨ ਦੀ ਲੋੜ ਨਹੀਂ, ਸਗੋਂ ਇਨ੍ਹਾਂ ਨੂੰ ਮਿਸਾਲ ਬਣਾ ਕੇ ਓਥੋਂ ਵਾਲੇ ਕਿਸਾਨਾਂ ਲਈ ਕੰਮ ਕਰਨ ਦੀ ਲੋੜ ਹੈ। ਆਪਣੀ ਨਾਕਾਮੀ ਲੁਕਾਉਣ ਲਈ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਵਿਰੋਧ ਕਰਨ ਵਾਸਤੇ ਹੋਰ ਰਾਜਾਂ ਦੇ ਲੋਕਾਂ ਨੂੰ ਉਕਸਾਇਆ ਜਾਂਦਾ ਹੈ। ਗਣਤੰਤਰ ਲੋਕਾਂ ਨੂੰ ਇੱਕ ਦੂਸਰੇ ਦੇ ਗੁਣਾਂ ਤੋਂ ਸਿੱਖ ਕੇ ਅੱਗੇ ਵਧਣ ਦੇ ਮੌਕੇ ਦੇਣ ਵਾਲਾ ਹੋਣਾ ਚਾਹੀਦਾ ਹੈ, ਲੋਕਾਂ ਦੇ ਸਿਰ ਭਿੜਾਉਣ ਵਾਲਾ ਨਹੀਂ। ਭਾਰਤ ਦੇ ਗਣਤੰਤਰ ਦਾ ਰੰਗ ਹੀ ਵੱਖਰਾ ਹੈ।

ਆਜ਼ਾਦੀ ਲਹਿਰ ਵਿੱਚੋਂ ਨਿਕਲੇ ਉਸ ਵਕਤ ਦੇ ਜਿਹੜੇ ਲੀਡਰਾਂ ਨੇ ਭਾਰਤ ਨੂੰ ਗਣਤੰਤਰ ਬਣਾਉਣ ਦੇ ਲਈ ਇੱਕ ਸੰਵਿਧਾਨ ਪ੍ਰਵਾਨ ਕੀਤਾ ਸੀ, ਇਸ ਦੇ ਕੁਝ ਅਸੂਲ ਮਿਥੇ ਅਤੇ ਨਾਗਰਿਕਾਂ ਲਈ ਕੁਝ ਮੁੱਢਲੇ ਫਰਜ਼ ਤੇ ਮੁੱਢਲੇ ਅਧਿਕਾਰ ਪ੍ਰਵਾਨ ਕੀਤੇ ਸਨ, ਉਨ੍ਹਾਂ ਕਦੇ ਇਹ ਨਹੀਂ ਸੋਚਿਆ ਹੋਣਾ ਕਿ ਗਣਤੰਤਰ ਲੀਹੋਂ ਵੀ ਲੱਥ ਸਕਦਾ ਹੈ। ਇਹ ਭਾਰਤ ਦੇਸ਼ ਦੇ ਗਣਤੰਤਰ, ਤੇ ਇਸ ਦੇ ਲੋਕਾਂ, ਦੀ ਬਦਕਿਸਮਤੀ ਹੈ ਕਿ ਗਣਤੰਤਰ ਮਿਥੀ ਹੋਈ ਲੀਹ ਉੱਤੇ ਚੱਲਣ ਦੀ ਥਾਂ ਕੁਰਾਹੇ ਪੈਂਦਾ ਜਾ ਰਿਹਾ ਹੈ। ਸਿਰਫ ਦੋ ਘਰਾਣਿਆਂ ਖਾਤਰ ਪੂਰਾ ਦੇਸ਼ ਸੁੱਕਣੇ ਪਾਇਆ ਪਿਆ ਹੈ। ਗਣਤੰਤਰ ਤਾਂ ਏਦਾਂ ਦੀ ਮਿਸਾਲ ਹੋਣਾ ਚਾਹੀਦਾ ਹੈ, ਜਿਸ ਉੱਤੇ ਹੋਰ ਦੇਸ਼ ਵੀ ਚੱਲਣ, ਪਰ ਭਾਰਤ ਆਪਣੇ ਆਪ ਵਿੱਚ ਹੀ ਏਨਾ ‘ਬਿਮਸਾਲ’ ਰਸਤਾ ਫੜੀ ਜਾਂਦਾ ਹੈ, ਜਿਸ ਵਿੱਚ ਕੋਈ ਇਹ ਵੀ ਦਾਅਵੇ ਨਾਲ ਕਹਿਣ ਵਾਲਾ ਨਹੀਂ ਮਿਲਦਾ ਕਿ ਭਲਕ ਨੂੰ ਭਾਰਤ ਫਲਾਣੇ ਥਾਂ ਪੁੱਜੇਗਾ, ਸਗੋਂ ਹਰ ਗੱਲ ਵਿੱਚ ਬੇਵਿਸ਼ਵਾਸੀ ਝਲਕਣ ਲੱਗ ਪਈ ਹੈ। ਵਿਚਾਰਗੀ ਦਾ ਨਾਂਅ ਹੀ ਗਣਤੰਤਰ ਜਾਪਣ ਲੱਗ ਪਿਆ ਹੈ।

# ਆਖਿਰ ਨਹਿਰੂ ਨਾਲ ਇੰਨੀ ਨਫ਼ਰਤ ਕਿਉਂ ?

-ਆਕਾਰ ਪਟੇਲ

ਮੇਰੀ ਕਿਤਾਬ ਲਈ ਮੇਰੀ ਇੰਟਰਵਿਊ ਲਈ ਜਾ ਰਹੀ ਸੀ ਅਤੇ ਮੈਨੂੰ ਇਸ ਦੌਰਾਨ ਗੈਰ-ਸਬੰਧਤ ਇੱਕ ਸਵਾਲ ਪੁੱਛਿਆ ਗਿਆ ਕਿ ‘‘ਹਿੰਦੂਤਵ ਨਹਿਰੂ ਨਾਲ ਇੰਨੀ ਨਫ਼ਰਤ ਕਿਉਂ ਕਰਦਾ ਹੈ?'' ਇਹ ਇੱਕ ਦਿਲਚਸਪ ਸਵਾਲ ਹੈ ਅਤੇ ਇਸ ਦੇ ਜਵਾਬ ਦੇ ਦੋ ਹਿੱਸੇ ਹਨ। ਇਸ ਨੂੰ ਜਾਣਨ ਲਈ ਸਾਨੂੰ ਪਹਿਲਾਂ ਇਹ ਗੱਲ ਸੋਚਣੀ ਹੋਵੇਗੀ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਕੀ ਸਨ ਅਤੇ ਉਹ ਕੀ ਚਾਹੁੰਦੇ ਸਨ?

ਆਜ਼ਾਦੀ ਤੋਂ ਪਹਿਲਾਂ ਪੰਡਿਤ ਨਹਿਰੂ ਨੇ ਕਈ ਰਚਨਾਵਾਂ ਲਿਖੀਆਂ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਖੁਦ ਨੂੰ ਭਾਰਤ ਦੀ ਉਸ ਸੱਭਿਅਤਾ ਦੀ ਇਕਾਈ ਦੇ ਰੂਪ ਵਿੱਚ ਦਰਸਾਇਆ ਜੋ ਰਾਸ਼ਟਰੀ ਸਵੈਮਸੇਵਕ ਸੰਘ (ਆਰ ਐੱਸ ਐੱਸ) ਵੀ ਪ੍ਰਵਾਨ ਕਰਦਾ ਹੈ। ਉਨ੍ਹਾਂ ਨੇ ਸਿੰਧੂ ਘਾਟੀ ਵਾਲੀ ਸੱਭਿਅਤਾ ਵਿੱਚ ਆਪਣੀ ਉਤਪਤੀ ਲਈ ਆਧੁਨਿਕ ਕੌਮ ਦਾ ਪਤਾ ਲਾਇਆ। ਕੁਝ ਸਾਲ ਪਹਿਲਾਂ ਉਨ੍ਹਾਂ ਨੇ ਵਿਸ਼ਵ ਅਤੇ ਇਤਿਹਾਸ ਦੀਆਂ ਝਲਕੀਆਂ ਲਿਖੀਆਂ ਸਨ ਅਤੇ ਸਿਰਫ 15 ਜਾਂ ਇੰਨੇ ਸਾਲ ਪਹਿਲਾਂ ਉਨ੍ਹਾਂ ਨੇ ‘ਭਾਰਤ ਕੀ ਖੋਜ’ ਲਿਖੀ, ਪਰ ਇਹ ਪ੍ਰਵਾਨ ਕਰਦੇ ਹੋਏ ਕਿ ਭਾਰਤ ਪ੍ਰਾਚੀਨ ਹੁੰਦਾ ਸੀ, ਨਹਿਰੂ ਨੇ ਇਸ ਨੂੰ ਆਧੁਨਿਕ ਦੁਨੀਆ ਲਿਖਣ ਲਈ ਮੰਗ ਵੀ ਕੀਤੀ ਤੇ ਉਹ ਯੁੱਗ, ਜਿਸ ਦਾ ਉਹ ਹਿੱਸਾ ਸਨ, ਭਵਿੱਖ 'ਚ ਉਨ੍ਹਾਂ ਨੇ ਸਾਰੀ ਮਨੁੱਖ ਜਾਤੀ ਲਈ ਦੇਖਿਆ। ਉਸ ਕੰਢੇ ਤੱਕ ਉਨ੍ਹਾਂ ਨੇ ਸਰਕਾਰ ਨੂੰ ਆਧੁਨਿਕ ਬਣਾਉਣ ਲਈ ਇੱਕ ਸਾਧਨ ਵਜੋਂ ਵਰਤਿਆ। ਨਹਿਰੂ ਨੇ ਦੋ ਚੀਜ਼ਾਂ ਉਤੇ ਆਪਣੀ ਰਣਨੀਤੀ ਨਿਰਧਾਰਿਤ ਕੀਤੀ: ਇੱਕ ਭਾਰੀ ਉਦਯੋਗ ਅਤੇ ਦੂਸਰੀ ਉਚ ਸਿੱਖਿਆ।

ਭਾਰਤ ਕੋਲ ਸੀਮਿਤ ਸਾਧਨ ਸਨ, ਪਰ ਇਨ੍ਹਾਂ ਦੋਵਾਂ ਨੂੰ ਪਹਿਲ ਦਿੱਤੀ ਜਾਣੀ ਸੀ। ਤੁਸੀਂ ਇਹ ਤਰਕ ਦਿਓਗੇ ਕਿ ਕੀ ਰਣਨੀਤੀ ਚੰਗੀ, ਬੁਰੀ ਜਾਂ ਉਦਾਸੀਨ ਸੀ, ਪਰ ਇਹ ਕਹਿਣਾ ਔਖਾ ਹੋਵੇਗਾ ਕਿ ਜੋ ਉਨ੍ਹਾਂ ਨੇ ਨਹੀਂ ਕੀਤਾ, ਉਸ ਨੂੰ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਸੰਸਥਾਵਾਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਿਨ੍ਹਾਂ 'ਚੋਂ ਕੁਝ ਨੂੰ ਅੱਜ ‘ਨਵਰਤਨ' ਦੇ ਨਾਂ ਨਾਲ ਸੱਦਿਆ ਜਾਂਦਾ ਹੈ, ਪਰ ਉਦੋਂ ਕੁਝ ਵੀ ਨਹੀਂ ਸੀ ਅਤੇ ਉਸਾਰੀ ਦੀ ਲੋੜ ਸੀ। ਭਾਰਤ ਹੈਵੀ ਇਲੈਕਟ੍ਰੀਕਲਜ਼ ਲਿਮਟਿਡ (1964), ਤੇਲ ਅਤੇ ਕੁਦਰਤੀ ਗੈਸ ਕਮਿਸ਼ਨ (1956), ਭਾਰਤੀ ਸਟੀਲ ਅਥਾਰਟੀ (1954), ਹਿੰਦੁਸਤਾਨ ਏਅਰੋਨ-ਾਟਿਕਸ ਲਿਮਟਿਡ (1964), ਇੰਡੀਅਨ ਆਇਲ ਕਾਰਪੋਰੇਸ਼ਨ (1959), ਇਸਰੋ (ਪਹਿਲਾਂ ਆਈ ਐਨ ਸੀ ਓ ਐਸ ਪੀ ਏ ਆਰ) (1962), ਐਟਾਮਿਕ ਐਨਰਜੀ ਵਿਭਾਗ (1954), ਭਾਬਾ ਐਟਮੀ ਖੋਜ ਕੇਂਦਰ (1954) ਅਤੇ ਫਿਰ ਉਸ ਨੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (1951), ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ (1961), ਨੈਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ (1961), ਸਾਹਿਤ ਅਕਾਦਮੀ (1954) ਆਦਿ ਸਥਾਪਤ ਕੀਤੇ।

ਇਹ ਸੂਚੀ ਚੱਲਦੀ ਜਾਂਦੀ ਹੈ। ਇਨ੍ਹਾਂ ਸਾਰਿਆਂ ਦੀ ਸਥਾਪਨਾ ਕਿਉਂ ਕੀਤੀ ਗਈ? ਕਿਉਂਕਿ ਉਹ ਅਜਿਹੇ ਸਾਧਨ ਹਨ, ਜਿਨ੍ਹਾਂ ਰਾਹੀਂ ਨਹਿਰੂ ਨੇ ਭਾਰਤ ਨੂੰ ਆਧੁਨਿਕ ਬਣਾਇਆ। ਉਨ੍ਹਾਂ ਨੂੰ ਪਹਿਲਾਂ ਆਧੁਨਿਕ ਅਰਥਵਿਵਸਥਾ ਵਿਰਾਸਤ 'ਚ ਮਿਲੀ, ਜਿੱਥੇ ਉਤਪਾਦਨ ਦਾ ਵਧੇਰੇ ਹਿੱਸਾ ਖੇਤੀ ਵਿੱਚ ਪਿਆ ਸੀ ਅਤੇ ਉਸ ਖੇਤੀ ਦਾ ਪ੍ਰਬੰਧ ਕਿਸਾਨ ਵੱਲੋਂ ਕੀਤਾ ਜਾ ਰਿਹਾ ਸੀ, ਜਿਸ ਦੇ ਖੇਤੀ ਸਾਧਨ ਹਜ਼ਾਰ ਸਾਲਾਂ 'ਚ ਬਹੁਤ ਘੱਟ ਬਦਲੇ ਸਨ। ਨਹਿਰੂ ਨੂੰ ਵਿਰਾਸਤ 'ਚ ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਨਹੀਂ ਮਿਲੀ ਸੀ। ਉਨ੍ਹਾਂ ਨੇ ਪਤਾ ਲਾਉਣਾ ਸੀ ਕਿ ਭਾਰਤ ਨੂੰ ਉਥੋਂ ਤੱਕ ਕਿਵੇਂ ਲਿਜ-ਾਇਆ ਜਾਵੇ।

ਸਮੱਸਿਆ ਇਹ ਹੈ ਕਿ ਨਹਿਰੂ ਦੀ ਤੁਲਨਾ ਕਰਨ 'ਚ ਸਾਡੇ ਪ੍ਰਧਾਨ ਮੰਤਰੀ ਸਮੇਤ ਹਿੰਦੂਤਵ 'ਚ ਕਿਸੇ ਕੋਲ ਕੋਈ ਵੀ ਦ੍ਰਿਸ਼ਟੀ ਬੁਰੀ ਜਾਂ ਚੰਗੀ ਜਾਂ ਉਦਾਸੀਨ ਨਹੀਂ। ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰਫ ਸਾਨੂੰ ‘ਪੰਜ ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ' ਦੇ ਬਿਆਨ ਦੇ ਸਕਦੇ ਹਨ ਪਰ ਉਹ ਕੁਝ ਨਹੀਂ ਕਹਿੰਦੇ ਕਿਉਂਕਿ ਉਹ ਖੁਦ ਆਪ ਹੀ ਨਹੀਂ ਜਾਣਦੇ ਕਿ ਉਥੋਂ ਤੱਕ ਪਹੁੰਚਣ ਲਈ ਇੱਥੇ ਕੀ ਕਰਨਾ ਹੈ? ਪੰਡਿਤ ਨਹਿਰੂ ਨੇ ਕਿਹਾ, ‘‘ਭਾਰਤੀ ਉਦਯੋਗ ਅਤੇ ਉਚ ਸਿੱਖਿਆ।'' ਮੋਦੀ ਕੀ ਕਹਿੰਦੇ ਹਨ? ਇਸ ਦਾ ਜਵਾਬ ਤੁਹਾਡੇ ਲਈ ਲੱਭ ਸਕਣਾ ਮੁਸ਼ਕਲ ਹੈ, ਕਿਉਂਕਿ ਇਸ ਦਾ ਜਵਾਬ ਹੈ ਹੀ ਨਹੀਂ। ਇਹੀ ਪਹਿਲਾ ਕਾਰਨ ਹੈ ਕਿ ਭਾਜਪਾ ਅਤੇ ਹਿੰਦੂਤਵ ਨਹਿਰੂ ਨਾਲ ਈਰਖਾ ਕਰਦੇ ਹਨ।

ਦੂਸਰਾ ਕਾਰਨ ਇਹ ਹੈ ਕਿ ਨਹਿਰੂ ਧੋਖਾ ਕਰਨ ਵਾਲੇ ਰਾਸ਼ਟਰਵਾਦੀ ਨੇਤਾ ਨਹੀਂ ਸਨ, ਉਹ ਅਸਲੀ ਸਨ। ਉਨ੍ਹਾਂ ਨੇ ਨਾ ਸਿਰਫ ਚੀਨ ਦਾ ਨਾਂ ਲਿਆ, ਸਗੋਂ ਇਸ ਦਾ ਮੁਕਾਬਲਾ ਵੀ ਕੀਤਾ। ਨਹਿਰੂ ਹਾਰ ਗਏ, ਕਿਉਂਕਿ ਨਹਿਰੂ ਨੇ ਜੰਗ ਕੀਤੀ ਅਤੇ ਉਨ੍ਹਾਂ ਨੇ ਜੰਗ ਇਸ ਲਈ ਕੀਤੀ ਕਿ ਉਹ ਆਪਣੀ ਕੀਮਤੀ ਭਾਰਤੀ ਜ਼ਮੀਨ ਨੂੰ ਕਿਸੇ ਅੱਗੇ ਆਤਮਸਮਰਪਣ ਕਰਨ ਬਾਰੇ ਸੋਚ ਵੀ ਨਹੀਂ ਸਕਦੇ ਸਨ।

14 ਨਵੰਬਰ 2019 ਨੂੰ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਰਾਮਨਾਥ ਗੋਇੰਕਾ ਭਾਸ਼ਣ ਵਿੱਚ ਕਿਹਾ, ‘‘ਨਹਿਰੂ ਨੂੰ ਚਾਓ ਇਨ ਲਾਈ ਦੀ 1960 ਦੀ ਭਾਰਤ ਯਾਤਰਾ ਵੇਲੇ ਸਰਹੱਦੀ ਝਗੜੇ ਬਾਰੇ ਉਸ ਦੀ ਤਜਵੀਜ਼ ਮੰਨ ਲੈਣੀ ਚਾਹੀਦੀ ਸੀ?'' ਇਹ ਤਜਵੀਜ਼ ਕੀ ਸੀ? ਇਹ ਤਜਵੀਜ਼ ਇਹ ਸੀ ਕਿ ਭਾਰਤ ਸਰਹੱਦ ਦੇ ਤੌਰ 'ਤੇ ਕਰਾਕੁਰਮ ਰੇਂਜ ਨੂੰ ਪ੍ਰਵਾਨ ਕਰ ਲਵੇ। ਅਸਲ 'ਚ ਅੱਜ ਇਹੋ ਸਥਿਤੀ ਹੈ ਜਿੱਥੇ ਕੰਟਰੋਲ ਰੇਖਾ ਮੌਜੂਦ ਹੈ, ਪਰ ਨਹਿਰੂ ਨੂੰ ਇਹ ਪ੍ਰਵਾਨ ਨਹੀਂ ਸੀ। ਉਹ ਸਰਹੱਦ ਨੂੰ ਤਿੱਬਤ ਤੱਕ ਵਧਾਉਣਾ ਚਾਹੁੰਦੇ ਸਨ ਤੇ ਇਸਦੇ ਲਈ ਉਹ ਜੰਗ ਲਈ ਵੀ ਤਿਆਰ ਸਨ। ਉਹ ਹਾਰ ਗਏ, ਪਰ ਉਨ੍ਹਾਂ ਨੇ ਭਾਰਤੀ ਦਾਅਵੇ ਨੂੰ ਕਦੇ ਨਾ ਛੱਡਿਆ। ਇਹ ਮੋਦੀ ਦੇ ਉਲਟ ਹੈ ਜਿਨ੍ਹਾਂ ਨੇ ਨਾ ਸਿਰਫ ਭਾਰਤੀ ਦਾਅਵੇ ਨੂੰ ਛੱਡਿਆ, ਸਗੋਂ ਡਰਦੇ ਮਾਰੇ ਆਪਣੇ ਦੁਸ਼ਮਣ ਦਾ ਨਾਂ ਲੈਣ ਲਈ ਤਿਆਰ ਵੀ ਨਹੀਂ।

ਨਹਿਰੂ ਨਾਂ ਦੀ ਵਰਤੋਂ ਅੱਜ ਦੇ ਸਮੇਂ 'ਚ ਬਹੁਤ ਘੱਟ ਕੀਤੀ ਜਾਂਦੀ ਹੈ। ਅਸੀਂ ਨਹੀਂ ਜਾਣਦੇ ਕਿ ਉਨ੍ਹਾਂ ਨੇ ਕੀ-ਕੀ ਕੀਤਾ ਹੈ। ਅਸੀਂ ਉਨ੍ਹਾਂ ਦੀ ਸੋਚ ਨੂੰ ਸੌਖੇ ਸ਼ਬਦਾਂ 'ਚ ਸਮਝਾਇਆ ਹੈ। ਨਹਿਰੂ ਨਾ ਸਿਰਫ ਉਨ੍ਹਾਂ ਸਾਰਿਆਂ ਨਾਲੋਂ ਬਹੁਤ ਵਧੀਆ ਹਨ, ਜੋ ਉਨ੍ਹਾਂ ਦੇ ਬਾਅਦ ਆਏ, ਜਿਨ੍ਹਾਂ ਨੂੰ ਅਸੀਂ ਵਿਸ਼ੇਸ਼ ਤੌਰ 'ਤੇ ਆਰਥਿਕ ਪਤਨ ਅਤੇ ਰਾਸ਼ਟਰੀ ਸੁਰੱਖਿਆ ਅਸਫਲਤਾ ਦੇ ਦੌਰ 'ਚ ਦੇਖਦੇ ਹਾਂ, ਪਰ ਨਹਿਰੂ ਆਧੁਨਿਕਤਾ ਲਈ ਆਦਰਸ਼ ਸਨ। ਉਨ੍ਹਾਂ ਦੀ ਮੌਤ ਨੂੰ 55 ਸਾਲ ਤੋਂ ਵੱਧ ਹੋ ਗਏ, ਪਰ ਸਾਡੇ ਆਲੇ-ਦੁਆਲੇ ਉਨ੍ਹਾਂ ਦੀ ਵਿਰਾਸਤ ਬਾਰੇ ਗੱਲ ਕੀਤੀ ਜਾਂਦੀ ਹੈ। ਇਸ ਵਰਤਮਾਨ 'ਚ ਕਿੰਨੇ ਪ੍ਰਧਾਨ ਮੰਤਰੀ ਹਨ, ਜਿਸ 'ਚ ਮੌਜੂਦਾ ਮੋਦੀ ਵੀ ਸ਼ਾਮਲ ਹਨ, ਉਨ੍ਹਾਂ ਬਾਰੇ ਕੀ ਅਸੀਂ ਅਜਿਹਾ ਕਹਿ ਸਕਾਂਗੇ?

# ਸਰਕਾਰ ਦੀ ਆਲੋਚਨਾ ਨੂੰ ਦੇਸ਼-ਵਿਰੋਧੀ ਕਿਵੇਂ ਮੰਨਿਆ ਜਾ ਸਕਦੈ?

-ਪੂਨਮ ਆਈ ਕੌਸ਼ਿਸ਼-

ਜਿੱਥੇ ਇੱਕ ਪਾਸੇ ਭਾਰਤ ਵਿੱਚ ਕੋਰੋਨਾ ਮਹਾਮਾਰੀ ਵਿਰੁੱਧ ਟੀਕਾਕਰਨ ਮੁਹਿੰਮ ਸ਼ੁਰੂ ਹੋ ਗਈ ਅਤੇ ਇਸ ਵਾਇਰਸ ਉੱਤੇ ਰੋਕ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ, ਦੂਜੇ ਪਾਸੇ ਦੇਸ਼ ਵਿੱਚ ਇੱਕ ਵਾਰ ਮੁੜ ਅਸਹਿਣਸ਼ੀਲਤਾ ਵਧੀ ਦਿਖਾਈ ਦੇ ਰਹੀ ਹੈ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਯਾਨਾਥ ਨੂੰ ਮੋਟੀ ਚਮੜੀ ਦਾ ਆਦਮੀ, ਜਿਸ ਨੇ ਸੂਬੇ ਨੂੰ ਜੰਗਲ ਰਾਜ ਵਿੱਚ ਬਦਲ ਦਿੱਤਾ ਹੈ, ਕਹਿਣ ਵਾਲਿਆਂ ਵਿਰੁੱਧ ਦੇਸ਼ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਨਵੀਂ ਵੈਬ ਸੀਰੀਜ਼ ‘ਤਾਂਡਵ’ ਦੇ ਕਾਰਨ ਓ ਟੀ ਟੀ ਪਲੇਟਫਾਰਮ ਅਮੇਜ਼ਨ ਵਿਰੁੱਧ ਸ਼ਿਕਾਇਤ ਦਰਜ ਹੋਈ ਹੈ ਕਿ ਇਸ ਸੀਰੀਜ਼ ਵਿੱਚ ਹਿੰਦੂ ਦੇਵੀ-ਦੇਵਤਿਆਂ ਦਾ ਅਪਮਾਨ ਕੀਤਾ ਗਿਆ ਹੈ ਅਤੇ ਪੂਜਾ ਵਾਲੀਆਂ ਥਾਵਾਂ ਨੂੰ ਅਪਵਿੱਤਰ ਕਰ ਦਿੱਤਾ ਗਿਆ ਹੈ।

ਮਹਾਰਾਸ਼ਟਰ ਦੇ ਇੱਕ ਭਾਜਪਾ ਵਿਧਾਇਕ ਨੇ ਇਸ ਸੀਰੀਜ਼ ਦੇ ਨਿਰਮਾਤਾਵਾਂ ਵਿਰੁੱਧ ਜਿੱਥੇ ‘ਜੁੱਤੀ ਮਾਰੋ' ਮੁਹਿੰਮ ਚਲਾਉਣ ਦੀ ਧਮਕੀ ਦਿੱਤੀ ਹੈ, ਉਥੇ ਇੱਕ ਪਾਰਲੀਮੈਂਟ ਮੈਂਬਰ ਨੇ ਇਸ ਸੀਰੀਜ਼ ਉੱਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ। ਉਕਤ ਘਟਨਾ ਚੱਕਰ ਦੱਸਦੇ ਹਨ ਕਿ ਸਾਡੇ ਨੇਤਾ ਬਹੁਤ ਸੰਵੇਦਨਸ਼ੀਲ ਹਨ। ਭਾਜਪਾ ਦੇ ਇੱਕ ਸੀਨੀਅਰ ਨੇਤਾ ਅਤੇ ਮੇਘਾਲਿਆ ਦੇ ਸਾਬਕਾ ਗਵਰਨਰ ਤਥਾਗਤ ਰਾਏ ਨੇ ਅਭਿਨੇਤਰੀ ਸਯਾਨੀ ਘੋਸ਼ ਦੇ ਵਿਰੁੱਧ ਟਵਿਟਰ ਉੱਤੇ ਇੱਕ ਮੀਮ ਬਣਾਉਣ ਦੀ ਸ਼ਿਕਾਇਤ ਦਰਜ ਕਰਵਾਈ ਅਤੇ ਇਸ ਵਿੱਚ ਕਿਹਾ ਹੈ ਕਿ ਉਨ੍ਹਾਂ ਹਿੰਦੂ ਭਾਵਨਾਵਾਂ ਨੂੰ ਠੇਸ ਲਾਈ ਹੈ। ਉਨ੍ਹਾਂ ਧਮਕੀ ਦਿੱਤੀ ਕਿ ਤੁਸੀਂ ਅਪਰਾਧ ਕੀਤਾ ਹੈ ਅਤੇ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹੋ। ਉਂਝ ਵੱਖ-ਵੱਖ ਹਾਈ ਕੋਰਟਾਂ ਨੇ ਕਈ ਵਾਰ ਫੈਸਲਾ ਦਿੱਤਾ ਹੈ ਕਿ ਅਸਹਿਮਤੀ ਹੋਣਾ ਲੋਕ ਰਾਜ ਦੀ ਖੂਬੀ ਹੈ।

ਸਾਲ 2021 ਵੀ 2015 ਤੋਂ ਵੱਖ ਨਹੀਂ ਹੈ, ਜਦੋਂ ਭਾਜਪਾ ਤੇ ਉਸ ਦੇ ਮੰਤਰੀ ਹਿੰਦੂ ਧਰਮ, ਆਸਥਾ ਅਤੇ ਪੂਜਾ ਨੂੰ ਪ੍ਰਚਾਰਿਤ ਕਰਦੇ ਰਹੇ ਸਨ ਅਤੇ ਦਾਦਰੀ ਵਿੱਚ ਇੱਕ ਮੁਸਲਿਮ ਵਿਅਕਤੀ ਨੂੰ ਬੀਫ ਰੱਖਣ ਦੇ ਕਾਰਨ ਕੁੱਟ-ਕੁੱਟ ਕੇ ਮਾਰੇ ਜਾਣ ਦੀ ਬੇਲੋੜੀ ਘਟਨਾ ਨੂੰ ਢੁੱਕਵਾਂ ਦੱਸਦੇ ਸਨ। ਲਵ ਜੇਹਾਦ, ਸੱਭਿਆਚਾਰਕ ਅਤੇ ਖੇਡ ਖੇਤਰ ਵਿੱਚ ਪਾਕਿਸਤਾਨ ਦਾ ਵਿਰੋਧ, ਤਰਕਵਾਦੀਆਂ ਦੀ ਹੱਤਿਆ, ਬੀਫ ਉੱਤੇ ਪਾਬੰਦੀ ਤੋਂ ਲੈ ਕੇ ਗਊ ਰੱਖਿਆ ਤੇ ਧਾਰਮਿਕ ਅਸਹਿਣਸ਼ੀਲਤਾ ਆਦਿ ਵਿੱਚ ਭਾਰਤ ਅਜੇ ਵੀ ਫਸਿਆ ਹੋਇਆ ਹੈ। 2020 ਵਿੱਚ ਦਰਜ ਦੇਸ਼ਧ੍ਰੋਹ ਦੇ ਕੇਸ 165 ਫੀਸਦੀ ਵਧੇ ਹਨ। 2019 ਵਿੱਚ ਅਜਿਹੇ 93 ਕੇਸ ਦਰਜ ਕੀਤੇ ਗਏ ਸਨ, 2020 ਵਿੱਚ 124 ਕੇਸ ਦਰਜ ਹੋਏ। 2018 ਵਿੱਚ ਅਜਿਹੇ ਕੇਸਾਂ ਦੀ ਗਿਣਤੀ 35 ਸੀ। ਉਕਤ ਅੰਕੜੇ ਰਾਸ਼ਟਰੀ ਅਪਰਾਧ ਰਿਕ-ਾਰਡ ਬਿਊਰੋ ਦੇ ਹਨ।

ਪਿਛਲੇ ਤਿੰਨ ਮਹੀਨਿਆਂ ਵਿੱਚ ਅਜਿਹੇ ਅੱਠ ਮਾਮਲੇ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ ਦੋ ਪੱਤਰਕਾਰਾਂ ਵਿਰੁੱਧ ਹਨ। ਇਨ੍ਹਾਂ ਪੱਤਰਕਾਰਾਂ ਨੂੰ ਉਤਰ ਪ੍ਰਦੇਸ਼ ਦੇ ਹਾਥਰਸ ਸ਼ਹਿਰ ਵੱਲ ਜਾਂਦੇ ਗ੍ਰਿਫ਼ਤਾਰ ਕੀਤਾ ਗਿਆ ਸੀ। ਉਕਤ ਪੱਤਰਕਾਰ ਉਥੇ ਇੱਕ ਦਲਿਤ ਮੁਟਿਆਰ ਨਾਲ ਹੋਏ ਸਮੂਹਿਕ ਬਲਾਤਕਾਰ ਦੀ ਰਿਪੋਰਟਿੰਗ ਕਰਨ ਜਾ ਰਹੇ ਸਨ। ਇਨ੍ਹਾਂ ਨੂੰ ਝੂਠੇ ਆਧਾਰ ਉੱਤੇ ਗ੍ਰਿਫ਼ਤਾਰ ਕੀਤਾ ਗਿਆ ਕਿ ਉਹ ਯੋਗੀ ਸਰਕਾਰ ਨੂੰ ਬਦਨਾਮ ਕਰਨ ਦੀ ਕੌਮਾਂਤਰੀ ਸਾਜ਼ਿਸ਼ ਦਾ ਹਿੱਸਾ ਹਨ। ਇਹ ਬੇਲਗਾਮ ਸੱਤਾ ਦਾ ਮਾੜਾ ਚਿਹਰਾ ਹੈ। ਇਹੋ ਹਾਲ ਗੁਜਰਾਤ ਵਿੱਚ ਹੈ, ਜਿੱਥੇ ਸੀ ਆਈ ਡੀ ਨੇ ਇੱਕ ਪੱਤਰਕਾਰ ਨੂੰ ਇਸ ਲਈ ਗ੍ਰਿਫ਼ਤਾਰ ਕੀਤਾ ਕਿ ਆਪਣੇ ਲੇਖ ਵਿੱਚ ਲਿਖਿਆ ਸੀ ਕਿ ਮਹਾਮਾਰੀ ਉੱਤੇ ਰੋਕ ਲਾਉਣ ਤੋਂ ਨਾਕਾਮ ਰਹਿਣ ਕਾਰਨ ਮੁੱਖ ਮੰਤਰੀ ਰੁਪਾਨੀ ਨੂੰ ਬਦਲਿ-ਲਆ ਜਾ ਸਕਦਾ ਹੈ। ਬਿਨਾਂ ਸ਼ਰਤ ਮੁਆਫੀ ਮੰਗਣ ਪਿੱਛੋਂ ਪੱਤਰਕਾਰ ਨੂੰ ਛੱਡਿਆ ਗਿਆ।

ਝਾਰਖੰਡ ਵਿੱਚ ਝਾਰਖੰਡ ਮੁਕਤੀ ਮੋਰਚਾ-ਕਾਂਗਰਸ ਸਰਕਾਰ ਨੇ ਸੂਬਾਈ ਭਾਜਪਾ ਦੇ ਪ੍ਰਧਾਨ ਅਤੇ ਰਾਜ ਸਭਾ ਦੇ ਮੈਂਬਰ ਦੀਪਕ ਪ੍ਰਕਾਸ਼ ਵਿਰੁੱਧ ਇਸ ਲਈ ਕੇਸ ਦਰਜ ਕੀਤਾ ਹੈ ਕਿ ਦੀਪਕ ਨੇ ਟਵੀਟ ਕੀਤਾ ਸੀ ਕਿ ਉਹ ਸਰਕਾਰ ਬਣਾ ਸਕਦੇ ਹਨ। ਭਾਜਪਾ ਆਪਣੇ ਮੈਂਬਰਾਂ ਦੀ ਭਾਸ਼ਾ ਉਤੇ ਉੱਤੇ ਰੋਕ ਨਹੀਂ ਲਾਉਂਦੀ। ਉਹ ਸਿਰਫ ਉਦੋਂ ਉਨ੍ਹਾਂ ਦੀ ਭਾਸ਼ਾ ਉੱਤੇ ਓਦੋਂ ਰੋਕ ਲਾਉਂਦੀ ਹੈ, ਜਦੋਂ ਪਾਰਟੀ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਬਿਆਨਾਂ ਨਾਲ ਚੋਣਾਂ ਵਿੱਚ ਨੁਕਸਾਨ ਹੋ ਸਕਦਾ ਹੈ। ਪ੍ਰਧਾਨ ਮੰਤਰੀ ਮੋਦੀ ਕਹਿੰਦੇ ਰਹਿੰਦੇ ਹਨ ਕਿ ਰਾਸ਼ਟਰੀ ਹਿੱਤ ਸਭ ਤੋਂ ਉਪਰ ਹਨ ਅਤੇ ਵਿਚਾਰਧਾਰਾ ਤੋਂ ਉਪਰ ਹਨ।

ਅੱਜਕੱਲ੍ਹ ਅਸਹਿਣਸ਼ੀਲਤਾ ਆਮ ਗੱਲ ਹੋ ਗਈ ਹੈ। ਅਸੀਂ ਸਿਆਸੀ ਅਸਹਿਣਸ਼ੀਲਤਾ ਦੇ ਯੁੱਗ ਵਿੱਚ ਰਹਿ ਰਹੇ ਹਾਂ, ਜਿੱਥੇ ਜੇ ਕੋਈ ਫਿਲਮ, ਕਿਤਾਬ ਜਾਂ ਕਲਾਕ੍ਰਿਤੀ ਸਾਡੇ ਆਗੂਆਂ ਦੀ ਸੋਚ ਮੁਤਾਬਕ ਨਹੀਂ ਤਾਂ ਉਸ ਉੱਤੇ ਪਾਬੰਦੀ ਲਾ ਦਿੱਤੀ ਜਾਂਦੀ ਹੈ। ਅਜਿਹੇ ਹਰ ਕੰਮ ਨੂੰ ਦੇਸ਼ਧ੍ਰੋਹ ਮੰਨਿਆ ਜਾਂਦਾ ਹੈ। ਅਜਿਹੇ ਲੇਖਕਾਂ, ਫਿਲਮ ਨਿਰਮਾਤਾਵਾਂ ਤੇ ਅਦਾਕਾਰਾਂ ਨੂੰ ਬੁਰਾ-ਭਲਾ ਕਿਹਾ ਜਾਂਦਾ ਹੈ। ਉਨ੍ਹਾਂ ਉੱਤੇ ਪੰਬਾਦੀ ਲਾਈ ਜਾਂਦੀ ਹੈ। ਇਸ ਕਾਰਨ ਸੰਵਿਧਾਨ ਦੀ ਧਾਰਾ 19-ਏ ਸਬੰਧੀ ਸਵਾਲ ਉਠਦਾ ਹੈ, ਜਿਸ ਹੇਠ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਾ ਅਧਿਕਾਰ ਦਿੱਤਾ ਗਿਆ ਹੈ। ਸੱਤਾ ਧਿਰ-ਵਿਰੋਧੀ ਧਿਰ ਦੋਵੇਂ ਇਸ ਨੂੰ ਫਿਰਕੂ ਜਾਂ ਧਾਰਮਿਕ ਰੰਗ ਵਿੱਚ ਰੰਗਦੀਆਂ ਹਨ। ਇਸ ਤੋਂ ਸਵਾਲ ਉਠਦਾ ਹੈ ਕਿ ਸੱਤਾਧਾਰੀ ਲੋਕਾਂ ਦੀ ਅਸੱਭਿਅਕ ਭਾਸ਼ਾ ਅਤੇ ਆਚਰਣ ਨੂੰ ਨਜ਼ਰ ਅੰਦਾਜ਼ ਕੀਤਾ ਜਾ ਸਕਦਾ ਹੈ? ਕੀ ਨੇਤਾ ਬਣਨ ਨਾਲ ਅਜਿਹੇ ਆਚਰਣ ਅਤੇ ਭਾਸ਼ਾ ਨੂੰ ਬੇਧਿਆਨ ਕੀਤਾ ਜਾ ਸਕਦਾ ਹੈ? ਕੇਂਦਰ ਅਤੇ ਰਾਜ ਸਰਕਾਰਾਂ ਨੇ ਨਫ਼ਰਤ ਭਰੇ ਭਾਸ਼ਣ ਦੇਣ ਜਾਂ ਫਿਰਕੂ ਹਿੰਸਾ ਭੜਕਾਉਣ ਵਾਲਿਆਂ ਵਿਰੁੱਧ ਕੀ ਕਾਰਵਾਈ ਕੀਤੀ ਹੈ। ਸਿਆਸੀ ਚਰਚਾ ਨਫਰਤ ਭਰੀ ਕਿਉਂ ਹੁੰਦੀ ਜਾਂਦੀ ਹੈ? ਸਰਕਾਰ ਦੀ ਆਲੋਚਨਾ ਕਰਨ ਵਾਲੇ ਨੂੰ ਦੇਸ਼ ਵਿਰੋਧੀ ਜਾਂ ਨਫ਼ਰਤ ਫੈਲਾਉਣ ਦੇ ਬਰਾਬਰ ਕਿਵੇਂ ਮੰਨਿਆ ਜਾ ਸਕਦਾ ਹੈ। ਕੀ ਇੰਝ ਕਰ ਕੇ ਲੋਕ ਰਾਜ ਦੀਆਂ ਕਦਰਾਂ-ਕੀਮਤਾਂ ਦੇ ਆਧਾਰ ਉੱਤੇ ਬਣੇ ਦੇਸ਼ ਦੀ ਧਾਰਨਾ ਦਾ ਮਜ਼ਾਕ ਨਹੀਂ ਉਡਾਇਆ ਜਾ ਰਿਹਾ?

ਸਾਡੇ ਆਗੂਆਂ ਨੂੰ ਤੰਗਦਿਲੀ ਛੱਡਣੀ ਹੋਵੇਗੀ। ਸਾਡੇ ਵਿਚਾਰਾਂ, ਕਲਾਕਾਰਾਂ, ਫਿਲਮ ਨਿਰਮਾਤਾਵਾਂ ਤੇ ਬੁੱਧੀਜੀਵੀਆਂ ਦੇ ਅਧਿਕਾਰਾਂ ਦੀ ਹਰ ਹਾਲ ਰਾਖੀ ਹੋਣੀ ਚਾਹੀਦੀ ਹੈ। 1.30 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਵਿੱਚ ਇੰਨੇ ਹੀ ਵਿਚਾਰ ਹੋਣਗੇ ਅਤੇ ਕੋਈ ਵੀ ਲੋਕਾਂ ਦੇ ਮੂਲ ਅਧਿਕਾਰਾਂ ਨੂੰ ਸੀਮਤ ਨਹੀਂ ਕਰ ਸਕਦਾ। ਇਸ ਦਾ ਫੈਸਲਾ ਲੋਕ ਹੀ ਕਰਨਗੇ।

# ਸੁਰਖ਼ੀ ਭਾਬੀ

-ਬਲਜੀਤ ਪਰਮਾਰ-

ਚੀਨ ਨਾਲ ਜੰਗ ਤੋਂ ਥੋੜ੍ਹਾ ਕੁ ਚਿਰ ਪਹਿਲਾਂ ਦੀ ਗੱਲ ਹੋਊ। ਰਿਸ਼ਤੇਦਾਰੀ ਵਿੱਚੋਂ ਤਾਏ ਦੇ ਮੁੰਡੇ ਦਾ ਵਿਆਹ ਸੀ। ਭੁਪਿੰਦਰ ਸਿੰਘ ਨਾਂਅ ਸੀ ਉਹਦਾ, ਪਰ ਸਾਰੇ ਉਹਨੂੰ ਬਿੰਦੀ ਕਹਿ ਕੇ ਬੁਲਾਉਂਦੇ ਸਨ। ਇਹਦਾ ਕਾਰਨ ਇੱਕ ਹੋਰ ਵੀ ਸੀ। ਬਿੰਦੀ ਜਨਮ ਤੋਂ ਹੀ ਰੱਜ ਕੇ ਸੋਹਣਾ ਸੀ। ਤਾਈ ਨੇ ਜੁਆਕ ਦੇ ਮੱਥੇ ਉਤੇ ਕਾਲੀ ਬਿੰਦੀ ਜਿਹੀ ਲਾ ਦਿਆ ਕਰਨੀ, ਬਈ ਨਜ਼ਰ ਨਾ ਲੱਗੇ। ਜੁਆਨ ਹੋਇਆ ਤਾਂ ਫੌਜ ਵਿੱਚ ਭਰਤੀ ਹੋ ਗਿਆ। ਉਹਦੀ ਇੱਕ ਮਾਸੀ ਪਟਿਆਲੇ ਰਹਿੰਦੀ ਸੀ। ਉਹਦੀ ਇੱਕ ਸਹੇਲੀ ਰਾਜੇ ਦੇ ਮਹਿਲ ਵਿੱਚ ਛੋਟਾ-ਮੋਟਾ ਕੰਮ ਕਰਦੀ ਸੀ। ਘਰ ਵਾਲੇ ਨੇ ਛੱਡੀ ਹੋਈ ਸੀ। ਅੱਗੋਂ ਉਹਦੀ ਇੱਕ ਕੁੜੀ ਸੀ, ਜਿਹੜੀ ਪਟਿਆਲੇ ਹੀ ਆਪਣੇ ਨਾਨਕੇ ਪਲੀ, ਪਰ ਘਰ ਦੇ ਹਾਲਾਤ ਕਰ ਕੇ ਅਨਪੜ੍ਹ ਰਹਿ ਗਈ। ਸੋਹਣੀ ਉਹ ਵੀ ਬਹੁਤ ਸੀ ਤੇ ਉਤੋਂ ਸ਼ੁਕੀਨਣ ਵੀ ਬਾਹਲੀ। ਖੈਰ! ਬਿੰਦੀ ਬਾਈ ਦਾ ਉਸ ਨਾਲ ਵਿਆਹ ਹੋ ਗਿਆ। ਸਹੁਰੇ ਘਰ ਆਉਂਦੇ ਸਾਰ ਪਿੰਡ ਵਿੱਚ ਉਹਦੀਆਂ ਗੱਲਾਂ ਹੋਣ ਲੱਗੀਆਂ। ਪਿੰਡ ਵਿੱਚ ਉਹ ਪਹਿਲੀ ਸੀ ਜਿਹੜੀ ਬੁੱਲ੍ਹਾਂ ’ਤੇ ਲਾਲੀ ਲਾਉਂਦੀ ਸੀ। ਗੂੜ੍ਹੇ ਲਾਲ ਰੰਗ ਦੀ। ਉਹਦਾ ਨਾਂਅ ਸੁਰਖੀ ਪੈ ਗਿਆ। ਕਈ ਜਣੇ ਤਾਂ ਉਹਨੂੰ ਬਿੰਦੀ ਦੀ ਸੁਰਖੀ ਕਹਿਣ ਲੱਗ ਪਏ। ਭਾਬੀ ਕੋਲ ਨਿੱਕੀ ਜਿਹੀ ਸੰਦੂਕੜੀ ਵੀ ਸੀ, ਜਿਹਦੇ ਵਿੱਚ ਉਹ ਚਪਟੀ ਜਿਹੀ ਪਾਊਡਰ ਦੀ ਡੱਬੀ ਅਤੇ ਨਹੁੰ ਰੰਗਣ ਵਾਲੀਆਂ ਨਿੱਕੀਆਂ ਨਿੱਕੀਆਂ ਸ਼ੀਸ਼ੀਆਂ ਰੱਖਦੀ ਸੀ, ਪਰ ਸੁਰਖੀ ਵਾਲੀ ਗੱਲ ਕੁਝ ਬਹੁਤ ਹੀ ਰੰਗ ਫੜ ਗਈ। ਛੁੱਟੀਆਂ ਵਿੱਚ ਪਿੰਡ ਜਾਣਾ ਤਾਂ ਸਾਰਾ ਦਿਨ ਭੱਜੇ ਫਿਰਨਾ। ਪਿਓ ਨੇ ਚੰਡੀਗੜ੍ਹ ਹੋਣਾ ਅਤੇ ਮਾਂ ਬਹੁਤਾ ਟੋਕਾ ਟਾਕੀ ਨਹੀਂ ਸੀ ਕਰਦੀ। ਖੇਡਣ ਕੁੱਦਣ ਤੋਂ ਇਲਾਵਾ ਬੱਸ ਇੱਕੋ ਕੰਮ ਹੁੰਦਾ ਸੀ, ਜੀਤ ਦੇ ਡਾਕਖਾਨੇ ਦਾ ਰੋਜ਼ ਚੱਕਰ ਮਾਰਨਾ। ਮਾਂ ਨੂੰ ਪਿਓ ਦੀ ਚਿੱਠੀ ਦੀ ਉਡੀਕ ਰਹਿੰਦੀ ਸੀ। ਜੀਤ ਮੈਨੂੰ ਉਕਾ ਪਸੰਦ ਨਹੀਂ ਸੀ। ਬੜਾ ਅਜੀਬ ਜਿਹਾ ਬੰਦਾ ਸੀ। ਉਮਰ ਹੋਊ ਕੋਈ ਪੰਜ ਦਹਾਕੇ। ਇੱਕ ਲੱਤ ਉਹਦੀ ਬਚਪਨ ਤੋਂ ਖਰਾਬ ਸੀ, ਜਿਹਨੂੰ ਉਹ ਹੱਥ ਨਾਲ ਚੁੱਕ ਕੇ ਲੰਮੀ ਸਾਰੀ ਸੋਟੀ ’ਤੇ ਰੱਖ ਕੇ ਤੁਰਦਾ ਸੀ। ਪਿੰਡ ਦੇ ਸ਼ਰਾਰਤੀ ਮੁੰਡੇ ਉਹਨੂੰ ਕਦੇ ਕੈਦੋ ਕਹਿੰਦੇ ਅਤੇ ਕਦੇ ਮਾਮਾ ਹੀਰ ਦਾ ਕਹਿ ਕੇ ਛੇੜਿਆ ਕਰਦੇ। ਉਹ ਪਿੱਛੇ ਕਿਸੇ ਦੇ ਭੱਜ ਨਾ ਸਕਦਾ, ਪਰ ਪਿੱਠ ਪਿੱਛੇ ਗਾਲ੍ਹਾਂ ਬਹੁਤ ਕੱਢਦਾ। ਪੁਰਾਣੇ ਜ਼ਮਾਨੇ ਦੀਆਂ ਦਸ ਜਮਾਤਾਂ ਪੜ੍ਹਿਆ ਸੀ ਉਹ। ਸਾਡੇ ਪਿੰਡ ਉਦੋਂ ਪੱਕਾ ਡਾਕਖਾਨਾ ਸੀ। ਜੀਤ ਦਾ ਘਰ ਕੱਚੇ ਡਾਕਖਾਨੇ ਦਾ ਕੰਮ ਸਾਰਦਾ ਸੀ। ਡਾਕੀਏ ਨੇ ਪਿੰਡ ਦੀ ਸਾਰੀ ਡਾਕ ਜੀਤ ਦੇ ਘਰ ਦੇ ਜਾਣੀ। ਅੱਗੇ ਉਹਦਾ ਕੰਮ ਸੀ ਘਰ ਘਰ ਖ਼ਤ ਪਹੁੰਚਾਉਣੇ, ਪਰ ਉਹਤੋਂ ਤੁਰ ਕਿੱਥੇ ਹੁੰਦਾ ਸੀ। ਸਾਰਿਆਂ ਨੂੰ ਉਥੇ ਆਉਣਾ ਪੈਂਦਾ। ਬੱਸ ਲੋਕਾਂ ਦੀ ਇਸੇ ਮਜਬੂਰੀ ਦਾ ਫਾਇਦਾ ਜੀਤ ਨੇ ਦੱਬ ਕੇ ਉਠਾਉਣਾ।

ਪਿੰਡ ਦੀ ਛੋਟੀ ਜਿਹੀ ਬੀਹੀ ਵਿੱਚ ਜੀਤ ਦਾ ਵੱਡਾ ਸਾਰਾ ਘਰ ਸੀ, ਉਹ ਵੀ ਪੱਕਾ। ਛੋਟੀਆਂ ਇੱਟਾਂ ਦਾ ਬਣਿਆ। ਉਹਦੇ ਪੁਰਖੇ ਜ਼ਰੂਰ ਪੈਸੇ ਟਕੇ ਵਾਲੇ ਹੋਣਗੇ। ਦਰ ਹਮੇਸ਼ਾ ਖੁੱਲ੍ਹਾ ਰਹਿਣਾ। ਅੰਦਰ ਵੜਦਿਆਂ ਵੱਡਾ ਸਾਰਾ ਕੋਰਸ ਕਮਰਾ। ਕਮਰਾ ਕਾਹਦਾ, ਦਲਾਨ ਲੱਗਦਾ ਸੀ। ਇੱਕ ਪਾਸੇ ਪੁਰਾਣੀ ਲੱਕੜੀ ਦਾ ਮੇਜ਼। ਨਾਲ ਲੱਗਦੀ ਉਚੀ ਕੁਰਸੀ, ਜਿਸ ਉਤੇ ਜੀਤ ਨੇ ਬਹਿਣਾ। ਗਰਮੀਆਂ ਵਿੱਚ ਉਹਨੇ ਲੱਠੇ ਦੀ ਬਨੈਣ ਪਾ ਕੇ ਬੈਠੇ ਨੇ ਸਾਊ ਜਿਹਾ ਲੱਗਣਾ। ਸਰਦੀਆਂ ਵਿੱਚ ਲੋਈ ਦੀ ਬੁੱਕਲ ਮਾਰ ਕੇ ਕੁਰਸੀ ਵਿੱਚ ਸੁੰਗੜ ਕੇ ਬੈਠੇ ਹੋਣਾ ਤਾਂ ਕੁੰਡਲੀ ਮਾਰੀ ਬੈਠਾ ਸੱਪ ਲੱਗਣਾ। ਅੱਖਾਂ ਉਹਦੀਆਂ ਬੀਹੀ ਆਲੇ ਦਰਵਾਜ਼ੇ ਦੀਆਂ ਬਿੜਕਾਂ ਲੈਂਦੀਆਂ। ਕੌਣ ਆਉਂਦਾ, ਕੌਣ ਜਾਂਦਾ, ਸਭ ਦੇਖਦੀਆਂ। ਉਹਦੇ ਸਿਰ ਉਪਰ ਸ਼ਤੀਰ ਉਤੇ ਵੱਡਾ ਸਾਰਾ ਕੱਪੜੇ ਦੀਆਂ ਝਾਲਰਾਂ ਵਾਲਾ ਪੱਖਾ ਲੱਗਾ ਹੁੰਦਾ। ਵਿਚ ਵਿਚਾਲੇ ਮੋਟੀ ਰੱਸੀ ਹੋਣੀ, ਜਿਸ ਨਾਲ ਪੱਖਾ ਝੱਲਣਾ। ਬਾਹਲਾ ਭਾਰਾ ਸੀ ਪੱਖਾ। ਉਹ ਇਸੇ ਤਾਕ ਵਿੱਚ ਰਹਿੰਦਾ, ਕੋਈ ਰੱਸੀ ਹਿਲਾਉਣ ਆਲਾ ਹੱਥ ਆਵੇ। ਪਿੰਡ ਦੇ ਜਣੇ ਜੁਆਕ ਉਹਤੋਂ ਵਾਕਿਫ ਸਨ। ਉਨ੍ਹਾਂ ਉਹਦਾ ਦਰ ਲੰਘਣ ਵੇਲੇ ਹੱਥਾਂ ਦਾ ਕੁੰਡਾ ਕੱਢ ਕੇ ਲੰਘ ਜਾਣਾ, ਪਰ ਉਹਨੇ ਫਿਰ ਵੀ ਪਛਾਣ ਲੈਣਾ ਤੇ ਗਾਲ੍ਹਾਂ ਵਾਹੁਣੀਆਂ। ਮੈਂ ਫਸ ਜਾਣਾ। ਰੋਜ਼ ਦਾ ਚੱਕਰ ਜੁ ਸੀ। ਕਈ ਕਈ ਚਿਰ ਰੱਸੀ ਖਿਚਦੇ ਰਹਿਣਾ। ਹੱਥਾਂ ਦੀਆਂ ਤਲੀਆਂ ਤੇ ਉਂਗਲਾਂ ਦੇ ਪੋਟੇ ਦੁਖਣੇ। ਰੋਣ ਹਾਕਾ ਹੋ ਜਾਣਾ। ਉਹਨੇ ਮੁਸਕੜੀ ਜਿਹੀ ਹੱਸ ਕੇ ਕਹਿਣਾ, ‘‘ਅੱਜ ਤਾਂ ਖ਼ਤ ਆਇਆ ਨ੍ਹੀਂ, ਕੱਲ੍ਹ ਆਜੂ।’’

ਮੈਂ ਭੋਲੇ ਭਾਅ ਪੁੱਛਣਾ, ਕਿਉਂ ਨ੍ਹੀਂ ਆਇਆ?

ਲੈ ਹੁਣ ਤੇਰਾ ਪਿਓ ਲਿਖੂ, ਪਾਊ, ਤਾਂ ਆਊ।

ਮੈਂ ਬੁੱਲ੍ਹ ਲਮਕਾਈ, ਹੱਥ ਪਲੋਸਦੇ ਹੌਲੀ ਹੌਲੀ ਖਾਲੀ ਹੱਥੀਂ ਘਰ ਮੁੜ ਆਉਣਾ। ਬਰੰਗ ਖ਼ਤ ਵਾਂਗੂੰ। ਇੱਕ ਦਿਨ ਕਹਿੰਦਾ, ਤੇਰੇ ਬਿੰਦੀ ਬਾਈ ਦਾ ਖ਼ਤ ਆਇਆ ਤੇਰੀ ਭਾਬੀ ਦੇ ਨਾਂਅ। ਭੱਜ ਕੇ ਦੇ ਆ। ਕਈ ਦਿਨਾਂ ਦੀ ਉਡੀਕਦੀ ਸੀ। ਬੀਹੀ ਵਿੱਚ ਗੇੜੇ ਕੱਢਦੀ ਫਿਰਦੀ ਸੀ।

ਹਲਕੀਆਂ-ਹਲਕੀਆਂ ਕਣੀਆਂ ਪੈਣ। ਮੈਂ ਕੱਛ ਵਿੱਚ ਖ਼ਤ ਦੱਬ ਕੇ ਸ਼ੂਟ ਵੱਟੀ ਤੇ ਬਿੰਦੀ ਬਾਈ ਦੇ ਵਿਹੜੇ ਜਾ ਸਾਹ ਲਿਆ। ਭਾਬੀ ਭੱਜੀ ਆਈ। ਖ਼ਤ ਖੋਲ੍ਹਿਆ ਤੇ ਪੀੜ੍ਹੀ ਤੇ ਬਹਿ ਕੇ ਅੱਖਾਂ ਨਾਲ ਲਾਇਆ। ਮੱਥੇ ਲਾਇਆ। ਪੜ੍ਹਨਾ ਆਵੇ ਨਾ। ਮੇਰੀ ਬਾਂਹ ਖਿੱਚੀ ਤੇ ਗੋਦੀ ਬਿਠਾ ਲਿਆ। ਮੇਰੀ ਪਿੱਠ ਓਹਦੀ ਹਿੱਕ ਵੱਲ। ਬਿੰਦੀ ਬਾਈ ਦਾ ਖ਼ਤ ਮੇਰੇ ਹੱਥੀਂ। ਮੇਰੇ ਨਿੱਕੇ ਮੋਢਿਆਂ ਉਤੋਂ ਭਾਬੀ ਦੀਆਂ ਅੱਖਾਂ ਖ਼ਤ ’ਤੇ ਟਿਕੀਆਂ। ਹਰਫ ਬਾਈ ਦੇ, ਬੋਲ ਮੇਰੇ ਤੇ ਕੰਨ ਭਾਬੀ ਦੇ।

‘‘ਮੇਰੀ ਪਿਆਰੀ...'', ਮੈਂ ਖ਼ਤ ਪੜ੍ਹਦਾ ਜਾਵਾਂ, ਪਿੱਛੇ ਬੈਠੀ ਉਹ ਮੈਨੂੰ ਬਾਹਵਾਂ ਵਿੱਚ ਘੁੱਟੇ, ਜੱਫੀਆਂ ਪਾਵੇ। ਮੇਰੇ ਕੇਸਾਂ ਨੂੰ ਚੁੰਮ ਕਈ ਵਾਰੀ ਕੋਸਾ ਜਿਹਾ ਪਾਣੀ ਮੇਰੀ ਧੌਣ ’ਤੇ ਡਿੱਗਿਆ। ਮੈਨੂੰ ਲੱਗਾ, ਜਿਉਂ ਕਣੀਆਂ ਮੁੜ ਡਿੱਗੀਆਂ ਹੋਣ। ਖ਼ਤ ਵਿੱਚ ਲਿਖੇ ਸਾਰੇ ਸ਼ਬਦਾਂ ਦੇ ਪੂਰੇ ਮਾਇਨੇ ਦਸ ਗਿਆਰਾਂ ਸਾਲ ਦਾ ਨਿਆਣਾ ਕੀ ਜਾਣੇ, ਪਰ ਮੈਨੂੰ ਲੱਗਾ ਭਾਬੀ ਕਈ ਵਾਰੀ ਰੋਈ ਸੀ।

‘‘ਇੱਕ ਵਾਰੀ ਹੋਰ ਪੜ੍ਹ ਦੇ।’’ ਓਹਨੇ ਕਈ ਵਾਰੀ ਕਿਹਾ। ਮੈਂ ਚਿੱਠੀ ਕਿੰਨੀ ਵਾਰੀ ਪੜ੍ਹੀ, ਯਾਦ ਨਹੀਂ।... ਮੈਂ ਸੁੰਨ ਜਿਹਾ ਹੋ ਗਿਆ। ਇੰਨਾ ਪਿਆਰ ਤਾਂ ਕਦੇ ਕਿਸੇ ਨੇ ਕੀਤਾ ਹੀ ਨਹੀਂ ਸੀ।

ਭਾਬੀ ਨੇ ਮੈਨੂੰ ਕੱਛਾਂ ਵਿੱਚ ਹੱਥ ਦੇ ਕੇ ਖੜ੍ਹਾ ਕੀਤਾ। ਮੇਰਾ ਮੂੰਹ ਆਪਣੇ ਵੱਲ ਕੀਤਾ ਤੇ ਕਈ ਵਾਰ ਚੁੰਮਿਆ। ਸੁਰਖੀ ਦਾ ਰੰਗ ਮੇਰੀਆਂ ਗੱਲ੍ਹਾਂ ਚਮਕੇ। ਮੈਂ ਉਹਦੇ ਵੱਲ ਵੇਖੀ ਜਾਵਾਂ। ਕਹਿੰਦੀ-ਤੇਰਾ ਬਾਈ ਵੀ ਨਿੱਕਾ ਹੁੰਦਾ ਤੇਰੇ ਅਰਗਾ ਹੁੰਦਾ ਹੋਣਾ। ਘਰੇ ਜਾਹ। ਮਾਂ ਉਡੀਕਦੀ ਹੋਣੀ ਐ।

ਘਰ ਜਾਂਦਿਆਂ ਜੀਤ ਡਾਕੀਏ ਦਾ ਦਰ ਦੇਖਿਆ। ਬੰਦ ਸੀ। ਖੁੱਲ੍ਹਾ ਹੁੰਦਾ ਤਾਂ ਪੱਖਾ ਝੱਲਣਾ ਚੰਗਾ ਲੱਗਣਾ ਸੀ।






# ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਸ਼ਗਨ ਦੀ ਰਾਸ਼ੀ 51 ਹਜ਼ਾਰ ਰੁਪਏ ਕਰਨ ਦਾ ਐਲਾਨ

ਚੰਡੀਗੜ੍ਹ, 24 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਵਿੱਚ ਕਿਰਤੀ ਕਾਮਿਆਂ ਦੀਆਂ ਲੜਕੀਆਂ ਦੀ ਸ਼ਗਨ ਰਾਸ਼ੀ ਇਸ ਸਾਲ ਪਹਿਲੀ ਅਪ੍ਰੈਲ ਤੋਂ 31 ਹਜ਼ਾਰ ਰੁਪਏ ਤੋਂ ਵਧਾ ਕੇ 51ਹਜ਼ਾਰ ਰੁਪਏ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਕੋਰੋਨਾ ਪਾਜ਼ੀਟਿਵ ਪਾਏ ਜਾਂਦੇ ਕਿਰਤੀਆਂ ਜਾਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ 1,500 ਰੁਪਏ ਦੀ ਵਿੱਤੀ ਮਦਦਦੀ ਵੀ ਮਨਜ਼ੂਰੀ ਦਿੱਤੀ ਗਈ ਹੈ।ਇਹ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਇਮਾਰਤਾਂ ਅਤੇ ਹੋਰ ਉਸਾਰੀਆਂ ਦੇ ਕਾਮਿਆਂ ਬਾਰੇ ਭਲਾਈ ਬੋਰਡ (ਬੀ ਓ ਸੀ ਡਬਲਯੂ) ਦੀ ਪਰਸੋਂ ਸ਼ਾਮ ਨੂੰ ਵੀਡੀਓ ਕਾਨਫਰੰਸ ਰਾਹੀਂ ਹੋਈ ਮੀਟਿੰਗ ਵਿੱਚ ਲਿਆ ਗਿਆ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਮੌਜੂਦਾ ਸ਼ਰਤਾਂ ਵਿੱਚ ਕਿਸੇ ਵੀ ਧਾਰਮਕ ਸੰਸਥਾ ਗੁਰਦੁਆਰਾ, ਮੰਦਰ ਤੇ ਚਰਚ ਵੱਲੋਂ ਜਾਰੀ ਕੀਤੇ ਮੈਰਿਜ ਸਰਟੀਫਿਕੇਟ ਨੂੰ ਇਸ ਮੰਤਵ ਕਰਨ ਲਈ ਪ੍ਰਵਾਨ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸ਼ਗਨ ਸਕੀਮ ਹੇਠ 50 ਫੀਸਦੀ ਰਾਸ਼ੀ ਐਡਵਾਂਸ ਲਈ ਜਾ ਸਕਦੀ ਹੈ ਅਤੇ ਬਾਕੀ ਰਾਸ਼ੀ ਸੋਧ ਨਿਯਮਾਂ ਹੇਠ ਸਬੰਧਤ ਅਥਾਰਟੀ ਵੱਲੋਂ ਜਾਰੀ 'ਮੈਰਿਜ ਸਰਟੀਫਿਕੇਟ' ਜਮ੍ਹਾਂ ਕਰਵਾਉਣ ਮਗਰੋਂ ਜਾਰੀ ਕੀਤੀ ਜਾਵੇਗੀ।ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਉਸਾਰੀ ਗਤੀਵਿਧੀਆਂ ਦੌਰਾਨ ਹਾਦਸੇ ਵਿੱਚ ਕਿਰਤੀ ਦੀ ਮੌਤ ਹੋਣ ਉੱਤੇ ਦੋ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ, ਭਾਵੇਂ ਉਹ ਉਸਾਰੀ ਬੋਰਡ ਕੋਲ ਰਜਿਸਟਰਡ ਹੋਵੇ ਜਾਂ ਨਾ, ਪਰ ਉਸਾਰੀ ਕਿਰਤੀ ਵਜੋਂ ਰਜਿਸਟਰਡ ਹੋਣ ਦੇ ਯੋਗ ਹੋਵੇ।

ਉਨ੍ਹਾਂ ਨੇ ਵੱਖ-ਵੱਖ ਭਲਾਈ ਸਕੀਮਾਂ ਹੇਠ ਲਾਭ ਲੈਣ ਲਈ ਅਰਜ਼ੀਆਂ




ਜਮ੍ਹਾਂ ਕਰਾਉਣ ਲਈ ਸਮਾਂ ਸੀਮਾ ਵਧਾ ਕੇ ਇੱਕ ਸਾਲ ਕਰਨ ਦਾ ਫੈਸਲਾ ਕੀਤਾ ਗਿਆ ਕਿਉਂਕਿ ਕਈ ਕਾਮੇ ਕੋਵਿਡ 19 ਮਹਾਮਾਰੀ ਕਾਰਨ ਬਿਨੈ ਪੱਤਰ ਨਹੀਂ ਦੇ ਸਕੇ। ਇਸ ਤੋਂ ਇਲਾਵਾ ਸਕਰੀਨਿੰਗ ਕਮੇਟੀ ਵੱਲੋਂ ਪੈਨਸ਼ਨ ਬਿਨੈ ਪੱਤਰ ਰੱਦ ਕਰਨ ਦੀ ਸੂਰਤ ਵਿੱਚ ਉਸਾਰੀ ਕਿਰਤੀਆਂ ਵੱਲੋਂ ਸਕੱਤਰ ਬੋਰਡ ਕੋਲ ਅਪੀਲ ਕਰਨ ਦਾ ਸਮਾਂ ਵੀ ਨੱਬੇ ਦਿਨ ਤੋਂ ਵਧਾ ਕੇ 120 ਦਿਨ ਕਰ ਦਿੱਤਾ ਗਿਆ ਹੈ। ਬਾਲੜੀ (ਲੜਕੀ) ਜਨਮ ਤੋਹਫਾ ਸਕੀਮ ਹੇਠ ਬੋਰਡ ਨੇ ਬਿਨੈ ਪੱਤਰ ਜਮ੍ਹਾਂ ਕਰਵਾਉਣ ਦੀ ਸਮਾਂ ਸੀਮਾ (ਲੜਕੀ ਦੇ ਜਨਮ ਦੀ ਤਰੀਕ ਤੋਂ) ਛੇ ਮਹੀਨੇ ਤੋਂ ਵਧਾ ਕੇ ਇੱਕ ਸਾਲ ਕਰਨ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਵਿੱਚ ਬੋਰਡ ਨੇ ਫਰਮਾਸਿਊਟੀਕਲ, ਪੈਰਾ ਮੈਡੀਕਲ ਦੀ ਪੜ੍ਹਾਈ ਵਿੱਚ ਡਿਗਰੀ/ ਪੋਸਟ ਗ੍ਰੈਜੂਏਟ ਡਿਗਰੀ ਕੋਰਸ ਕਰ ਰਹੇ ਲੜਕਿਆਂ ਦਾ ਸਾਲਾਨਾ ਵਜ਼ੀਫਾ 25,000 ਤੋਂ ਵਧਾ ਕੇ 35,000 ਰੁਪਏ ਅਤੇ ਲੜਕੀਆਂ ਦਾ ਵਜ਼ੀਫਾ 30,000 ਤੋਂ ਵਧਾ ਕੇ 40,000 ਰੁਪਏ ਕਰਨ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਫਾਰਮਾਸਿਊਟੀਕਲ, ਪੈਰਾ ਮੈਡੀਕਲ ਦੀ ਪੜ੍ਹਾਈ ਵਿੱਚ ਡਿਗਰੀ, ਪੋਸਟ ਗ੍ਰੈਜੂਏਟ ਡਿਗਰੀ ਕੋਰਸ ਕਰਨ ਵਾਲੇ ਲੜਕਿਆਂ ਦੇ ਹੋਸਟਲ ਵਿੱਚ ਵਜ਼ੀਫਾ 40,000 ਤੋਂ ਵਧਾ ਕੇ 50,000 ਰੁਪਏ ਅਤੇ ਲੜਕੀਆਂ ਦਾ ਵਜ਼ੀਫਾ 45,000 ਤੋਂ ਵਧਾ ਕੇ 55,000 ਰੁਪਏ ਕਰ ਦਿੱਤਾ ਗਿਆ ਹੈ। ਮੈਡੀਕਲ ਅਤੇ ਇੰਜੀਨੀਅਰਿੰਗ ਕਰਦੇ ਵਿਦਿਆਰਥੀਆਂ (ਲੜਕਿਆਂ) ਦਾ ਸਾਲਾਨਾ ਵਜ਼ੀਫਾ 40,000 ਤੋਂ 50,000 ਰੁਪਏ ਅਤੇ ਲੜਕੀਆਂ ਦੀ ਵਜ਼ੀਫਾ 50,000 ਤੋਂ 60,000 ਰੁਪਏ, ਜਦ ਕਿ ਹੋਸਟਲ ਵਜ਼ੀਫਾ ਕ੍ਰਮਵਾਰ 70,000 ਅਤੇ 80,000 ਰੁਪਏ ਕਰ ਦਿੱਤਾ ਗਿਆ ਹੈ।

# ਪੁਲਸ ਤੇ ਆਜ਼ਾਦੀ ਘੁਲਾਟੀਆਂ ਦੇ ਵਾਰਸ ਆਪਸ ਵਿੱਚ ਭਿੜੇ



ਸੰਗਰੂਰ, 24 ਜਨਵਰੀ (ਪੋਸਟ ਬਿਊਰੋ)- ਸਥਾਨਕ ਕੈਪਟਨ ਕਰਮ ਸਿੰਘ ਨਗਰ ਵਿਖੇ ਮਰਹੂਮ ਕਾਂਗਰਸੀ ਕੌਂਸਲਰ ਸੰਜੇ ਗਾਬਾ ਦੇ ਨਾਂਅ 'ਤੇ ਬਣਾਏ ਜਾ ਰਹੇ ਖੇਡ ਮੈਦਾਨ ਦਾ ਵਿਵਾਦ ਸ਼ਾਂਤ ਨਹੀਂ ਹੋ ਰਿਹਾ ਹੈ।

ਕੱਲ੍ਹ ਖੇਡ ਮੈਦਾਨ ਦਾ ਨਾਂਅ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਾਂਅ ਉਤੇ ਰੱਖਣ ਅਤੇ ਕੈਬਨਿਟ ਮੰਤਰੀ ਵਿਜੇਇੰਦਰ ਸਿੰਗਲਾ ਵੱਲੋਂ ਨੀਂਹ ਪੱਥਰ ਨੂੰ ਹਟਾਉਣ ਖਾਤਰ ਆਜ਼ਾਦੀ ਘੁਲਾਟੀਆਂ ਦੇ ਵਾਰਸਾਂ ਨੇ ਖੇਡ ਮੈਦਾਨ ਵੱਲ ਕੂਚ ਕਰ ਦਿੱਤਾ। ਫਰੀਡਮ ਫਾਈਟਰ ਉਤਰਾਧਿਕਾਰੀ ਸੰਗਠਨ ਅਤੇ ਹੋਰ ਸਮਾਜ ਸੇਵੀ ਸੰਗਠਨਾਂ ਨੇ ਅੰਦੋਲਨ ਦੀ ਅਗਵਾਈ ਕੀਤੀ। ਸਮਾਜ ਸੇਵੀ ਸੰਗਠਨਾਂ ਦੇ ਇਸ ਸੰਘਰਸ਼ ਨੂੰ ਆਜ਼ਾਦੀ ਘੁਲਾਟੀਆਂ ਦੇ ਵਾਰਸਾਂ ਨੇ ਹਮਾਇਤ ਦਿੱਤੀ। ਇਸ ਤੋਂ ਪਹਿਲਾਂ ਸਥਾਨਕ ਪਾਰੁਲ ਪੈਲੇਸ 'ਚ ਫਰੀਡਮ ਫਾਈਟਰ ਉਤਰਾਧਿਕਾਰੀ ਸੰਗਠਨ ਦੀ ਅਗਵਾਈ 'ਚ ਵਾਰਿਸਾਂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਜਨਮ ਦਿਨ ਮਨਾਇਆ। ਇੱਥੋਂ ਕਾਫਲੇ ਵਿੱਚ ਆਜ਼ਾਦੀ ਘੁਲਾਟੀਆਂ ਦੇ ਵਾਰਸ ਖੇਡ ਮੈਦਾਨ ਵੱਲ ਨੂੰ ਵਧੇ, ਜਿੱਥੇ ਪੁਲਸ ਨੇ ਸ਼ਹੀਦ ਭਗਤ ਸਿੰਘ ਚੌਕ ਨੇੜੇ ਕਾਫਲਾ ਰੋਕ ਦਿੱਤਾ ਤਾਂ ਆਜ਼ਾਦੀ ਘੁਲਾਟੀਆਂ ਦੇ ਵਾਰਸਾਂ ਨੇ ਧਰਨਾ ਲਾ ਦਿੱਤਾ। ਇਸ ਦੌਰਾਨ ਪੁਲਸ ਮੁਲਾਜ਼ਮਾਂ ਤੇ ਆਜ਼ਾਦੀ ਘੁਲਾਟੀਆਂ ਵਿੱਚ ਹਲਕੀ ਜਿਹੀ ਧੱਕਾ-ਮੁੱਕੀ ਹੋਈ।

ਮੌਕੇ ਉੱਤੇ ਪਹੁੰਚੇ ਤਹਿਸੀਲਦਾਰ ਨੇ 15 ਦਿਨਾਂ ਅੰਦਰ ਖੇਡ ਮੈਦਾਨ ਦਾ ਨਾਂਅ ਬਦਲਣ ਦਾ ਭਰੋਸਾ ਦੇ ਕੇ ਧਰਨਾ ਖਤਮ ਕਰਾਇਆ। ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਨ ਸਮਾਗਮ ਵਿੱਚ ਸੰਗਠਨ ਦੇ ਸੂਬਾ ਪ੍ਰਧਾਨ ਹਰਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ ਬੀਤੇ ਦਿਨੀਂ ਸ਼ਹਿਰ ਦੇ ਮਰਹੂਮ ਕਾਂਗਰਸੀ ਕੌਂਸਲਰ ਦੇ ਨਾਂਅ 'ਤੇ ਖੇਡ ਮੈਦਾਨ ਦਾ ਨੀਂਹ ਪੱਥਰ ਰੱਖਿਆ ਗਿਆ ਹੈ। 23 ਲੱਖ ਰੁਪਏ ਦੀ ਲਾਗਤ ਨਾਲ ਇਹ ਮੈਦਾਨ ਬਣਨਾ ਹੈ, ਦੂਜੇ ਪਾਸੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਾਂਅ ਨਾਲ ਯਾਦਗਾਰੀ ਹਾਲ ਬਣਾਉਣ ਲਈ ਜਗ੍ਹਾ ਦੀ ਮੰਗ ਲੰਮੇ ਸਮੇਂ ਤੋਂ ਲਟਕੀ ਹੋਈ ਹੈ।

ਆਲ ਇੰਡੀਆ ਕਮੇਟੀ ਮੈਂਬਰ ਗੁਰਇੰਦਰਪਾਲ ਸਿੰਘ ਅਤੇ ਲੀਗਲ ਐਡਵਾਈਜ਼ਰ ਦਸਵੀਰ ਸਿੰਘ ਡੱਲੀ ਨੇ ਕਿਹਾ ਕਿ ਬੀਤੇ 23 ਸਾਲਾਂ ਤੋਂ ਸੰਗਠਨ ਯਾਦਗਾਰੀ ਹਾਲ ਬਣਾਉਣ ਲਈ 200 ਗਜ ਜ਼ਮੀਨ ਦੇਣ ਦੀ ਮੰਗ ਕਰ ਰਿਹਾ ਹੈ ਤਾਂ ਜੋ ਸੰਗਰੂਰ ਦੇ ਆਜ਼ਾਦੀ ਘੁਲਾਟੀਆਂ ਦੀਆਂ ਤਸਵੀਰਾਂ ਤੇ ਜੀਵਨੀ ਲਿਖ ਕੇ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕੀਤਾ ਜਾ ਸਕੇ, ਪ੍ਰਸ਼ਾਸਨ ਨੇ ਉਨ੍ਹਾਂ ਨੂੰ ਅਜੇ ਤੱਕ ਜ਼ਮੀਨ ਨਹੀਂ ਦਿੱਤੀ, ਪਰ ਸਿਆਸੀ ਨੇਤਾਵਾਂ ਦੇ ਪਰਵਾਰਾਂ ਲਈ ਬਗੈਰ ਮਨਜ਼ੂਰੀ ਲੈਣ ਤੋਂ ਯਾਦਗਾਰ ਬਣਾਉਣ ਲਈ ਸਾਰੇ ਕਾਨੂੰਨਾਂ ਨੂੰ ਲਾਂਭੇ ਕਰ ਦਿੱਤਾ ਹੈ, ਜਿਸ ਦਾ ਸੰਗਠਨ ਸਖਤ ਵਿਰੋਧ ਕਰਦਾ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਜੇ 15 ਦਿਨਾਂ ਅੰਦਰ ਖੇਡ ਮੈਦਾਨ ਦਾ ਨਾਂਅ ਨਾ ਬਦਲਿਆ ਗਿਆ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਸਾਬਕਾ ਅਕਾਲੀ ਸਰਪੰਚ ਅਫੀਮ, ਭੁੱਕੀ ਤੇ ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫਤਾਰ



ਬਠਿੰਡਾ, 24 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲੇ ਦੀ ਸੀ ਆਈ ਏ-2 ਦੀ ਟੀਮ ਨੇ ਕੱਲ੍ਹ ਅਕਾਲੀ ਦਲ ਦੇ ਸਾਬਕਾ ਸਰਪੰਚ ਨੂੰ ਅਫੀਮ, ਭੁੱਕੀ ਅਤੇ ਨਸ਼ੀਲੀਆਂ ਗੋਲੀਆਂ ਨਾਲ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਮੋਗਾ ਦੇ ਪਿੰਡ ਕੋਟਲਾ ਰਾਏਕੇ ਵਾਲਾ ਦੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਵਜੋਂ ਹੋਈ ਹੈ। ਜਿਸ ਦੇ ਖਿਲਾਫ ਥਾਣਾ ਨਥਾਣਾ ਵਿੱਚ ਕੇਸ ਦਰਜ ਕਰਨ ਦੇ ਬਾਅਦ ਉਸ ਦਾ ਪੁਲਸ ਰਿਮਾਂਡ ਹਾਸਲ ਕਰ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ। ਸੀ ਆਈ ਏ-2 ਦੇ ਮੁਖੀ ਇੰਸਪੈਕਟਰ ਜਸਵੀਰ ਸਿੰਘ ਔਲਖ ਨੇ ਦੱਸਿਆ ਕਿ ਏ ਐਸ ਆਈ ਰਣਜੀਤ ਸਿੰਘ ਅਤੇ ਪੁਲਸ ਪਾਰਟੀ ਕੱਲ੍ਹ ਲਹਿਰਾ ਮੁਹੱਬਤ ਨੇੜੇ ਗਸ਼ਤ ਕਰ ਰਹੇ ਸਨ ਤਾਂ ਓਥੇ ਇੱਕ ਕੈਂਟਰ ਖੜ੍ਹਾ ਹੋਇਆ ਸੀ, ਜਿਸ ਵਿੱਚ ਇੱਕ ਵਿਅਕਤੀ ਬੋਰੀ ਲੱਦ ਰਿਹਾ ਸੀ। ਪੁਲਸ ਨੇ ਸ਼ੱਕ ਕਾਰਨ ਜਦ ਉਕਤ ਬੋਰੀ ਦੀ ਤਲਾਸ਼ੀ ਲਈ ਤਾਂ ਵਿੱਚੋਂ ਪੰਜ ਸੌ ਗਰਾਮ ਅਫੀਮ, ਦੋ ਹਜ਼ਾਰ ਨਸ਼ੇ ਦੀਆਂ ਗੋਲੀਆਂ ਤੇ 10 ਕਿਲੋ ਭੁੱਕੀ ਬਰਾਮਦ ਕੀਤੀ। ਪੁਲਸ ਨੇ ਮੌਕੇ 'ਤੇ ਮੋਗਾ ਜ਼ਿਲ੍ਹੇ ਦੇ ਪਿੰਡ ਕੋਟਲਾ ਰਾਏਕੇ ਵਾਲਾ ਦੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ੀ ਅਕਾਲੀ ਦਲ ਦਾ ਵਰਕਾਰ ਅਤੇ ਸਾਬਕਾ ਸਰਪੰਚ ਹੈ। ਥਾਣਾ ਨਥਾਣਾ ਵਿੱਚ ਐਨ ਡੀ ਪੀ ਐਸ ਐਕਟ ਦਾ ਕੇਸ ਦਰਜ ਕੀਤਾ ਗਿਆ ਹੈ। ਇਸ ਦੇ ਬਾਅਦ ਪੁੱਛਗਿੱਛਵਿੱਚ ਦੋਸ਼ੀ ਨੇ ਦੱਸਿਆ ਕਿ ਉਸ ਨੂੰ ਇਹ ਨਸ਼ਾ ਇੱਕ ਟਰੱਕ ਚਾਲਕ ਦੇ ਗਿਆ ਹੈ, ਜੋ ਰਾਜਸਥਾਨ ਤੋਂ ਆਇਆ ਸੀ। ਦੋਸ਼ੀ ਕਤਲ ਕੇਸ ਵਿੱਚ ਸਜ਼ਾ ਭੁਗਤ ਚੁੱਕਾ ਹੈ, ਜਦ ਕਿ ਉਸ ਉਤੇ ਇਰਾਦਾ ਕਤਲ ਅਤੇ ਕੁੱਟਮਾਰ ਦੇ ਇੱਕ ਦਰਜਨ ਤੋਂ ਵੱਧ ਕੇਸ ਦਰਜ ਹਨ। ਸੀ ਆਈ ਏ ਦੇ ਏ-2 ਇੰਚਾਰਜ ਜਸਵੀਰ ਸਿੰਘ ਔਲਖ ਨੇ ਦੱਸਿਆ ਕਿ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਬਾਅਦ ਉਸ ਦਾ ਪੁਲਸ ਰਿਮਾਂਡ ਹਾਸਲ ਕਰ ਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਥਾਣੇਦਾਰ ਨੂੰ ਕੁੱਟ ਕੇ 20 ਹਜ਼ਾਰ ਰੁਪਏ ਖੋਹ ਲਏ

ਕਪੂਰਥਲਾ, 24 ਜਨਵਰੀ (ਪੋਸਟ ਬਿਊਰੋ)- ਇੱਕ ਏ ਐਸ ਆਈ ਨਾਲ ਕੁੱਟਮਾਰ ਕਰ ਕੇ ਵਰਦੀ ਪਾੜਨ, ਨਕਦੀ ਤੇ ਹੋਰ ਜ਼ਰੂਰੀ ਕਾਗਜ਼ਾਤ ਖੋਹਣ ਦੇ ਦੋਸ਼ ਵਿੱਚ ਥਾਣਾ ਢਿੱਲਵਾਂ ਦੀ ਪੁਲਸ ਨੇ ਦੋ ਜਣਿਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਅਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਢਿਲਵਾਂ ਦੇ ਐਸ ਐਚ ਓ ਹਰਜਿੰਦਰ ਸਿੰਘ ਨੇ ਦੱਸਿਆ ਕਿ ਏ ਐਸ ਆਈ ਮਨਜੀਤ ਸਿੰਘ ਪਿੰਡ ਖਾਨੋਵਾਲ ਥਾਣਾ ਸਦਰ ਕਪੂਰਥਲਾ ਨੇ ਸ਼ਿਕਾਇਤ ਕੀਤੀ ਕਿ ਉਹ ਆਪਣੀ ਗੱਡੀ ਵਿੱਚ ਕਪੂਰਥਲਾ ਤੇ ਅੰਮ੍ਰਿਤਸਰ 'ਚ ਵਾਰੰਟਾਂ ਦੀ ਤਾਮੀਲ ਕਰਾਉਣ ਲਈ ਜਾ ਰਿਹਾ ਸੀ। ਇਸ ਦੌਰਾਨ ਬੀਤਾ ਪੁੱਤਰ ਜੀਤ ਸਿੰਘ ਪਿੰਡ ਮੰਡ ਸੰਗੋਜਲਾ ਕਪੂਰਥਲਾ ਅਤੇ ਜੱਗਾ ਪਿੰਡ ਤਲਵੰਡੀ ਥਾਣਾ ਫੱਤੂਢੀਂਗਾ ਦਾ ਫੋਨ ਆਇਆ, ਜਿਨ੍ਹਾਂ ਨੂੰ ਉਹ ਪਹਿਲਾਂ ਤੋਂ ਜਾਣਦਾ ਸੀ। ਬੀਤਾ ਨੇ ਉਸ ਨੂੰ ਉਸ ਦੇ ਲੜਕੇ ਦੇ ਵਿਆਹ ਦੇ ਸਬੰਧ ਵਿੱਚ ਗੱਲਬਾਤ ਲਈ ਆਪਣੇ ਕੋਲ ਬੁਲਾਇਆ, ਜਿਸ 'ਤੇ ਉਹ ਮੰਡ ਸੰਗੋਜਲਾ ਲਈ ਨਿਕਲ ਪਿਆ। ਓਥੇ ਪਹਿਲਾਂ ਤੋਂ ਖੜ੍ਹੇ ਬੀਤਾ ਅਅਤੇ ਜੱਗਾ



ਉਸ ਦੀ ਗੱਡੀ ਵਿੱਚ ਬੈਠ ਗਏ ਤੇ ਉਸ ਨੂੰ ਮੰਡ ਖੇਤਰ ਵਿੱਚ ਲੈ ਗਏ, ਜਿੱਥੇ ਦੋਸ਼ੀਆਂ ਨੇ ਉਸ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਦਿੱਤੀਆਂ ਅਤੇ ਉਸ 'ਤੇ ਦਾਤਰ ਨਾਲ ਵਾਰ ਕੀਤੇ, ਜਿਸ ਨਾਲ ਉਹ ਲਹੂ ਲੁਹਾਨ ਹੋ ਗਿਆ। ਫਿਰ ਦੋਸ਼ੀਆਂ ਨੇ ਉਸ ਨਾਲ ਕੁੱਟਮਾਰ ਕਰ ਕੇ ਉਸ ਦੀ ਜੇਬ ਵਿੱਚੋਂ ਉਸ ਦਾ ਪਰਸ ਕੱਢ ਲਿਆ ਜਿਸ ਵਿੱਚ ਵੀਹ ਹਜ਼ਾਰ ਰੁਪਏ ਨਕਦੀ, ਏ ਟੀ ਐਮ ਕਾਰਡ, ਪਛਾਣ ਪੱਤਰ, ਪੈਨ ਕਾਰਡ, ਆਧਾਰ ਕਾਰਡ ਤੇ ਵੋਟਰ ਕਾਰਡ ਸਨ, ਖੋਹ ਲਏ। ਮੁਲਜ਼ਮ ਉਸ ਕੋਲੋਂ ਮੋਬਾਈਲ ਫੋਨ ਵੀ ਖੋਹ ਲੈ ਗਏ, ਜਿਸ ਦੌਰਾਨ ਉਸ ਦੀ ਵਰਦੀ ਵੀ ਪਾਟ ਗਈ ਅਤੇ ਮੁਲਜ਼ਮਾਂ ਨੇ ਉਸ ਦੀ ਗੱਡੀ ਦੀ ਵੀ ਤੋੜ ਭੰਨ ਕੀਤੀ।ਢਿੱਲਵਾਂ ਪੁਲਸ ਨੇ ਮੌਕੇ ਦਾ ਜਾਇਜ਼ਾ ਲਿਆ ਅਤੇ ਦੋਵਾਂ ਮੁਲਜ਼ਮਾਂ ਬੀਤੇ ਤੇ ਜੱਗੇ ਦੇ ਖਿਲਾਫ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪਟਿਆਲੇ ਵਿੱਚ ਜਾਹਨਵੀ ਕਪੂਰ ਦੀ ਸ਼ੂਟਿੰਗ ਦਾ ਕਿਸਾਨਾਂ ਵੱਲੋਂ ਵਿਰੋਧ



ਪਟਿਆਲਾ, 24 ਜਨਵਰੀ (ਪੋਸਟ ਬਿਊਰੋ)- ਬਾਲੀਵੁੱਡ ਐਕਟਰੈੱਸ ਜਾਹਨਵੀ ਕਪੂਰ ਏਥੇ ਫਿਲਮ 'ਗੁੱਡ ਲੱਕ ਜੈਰੀ' ਦੀ ਸ਼ੂਟਿੰਗ ਲਈ ਪਟਿਆਲਾ ਆਈ ਹੋਈ ਹੈ। ਮਿਥੇ ਸਮੇਂ 'ਤੇ ਉਨ੍ਹਾਂ ਦੀ ਸ਼ੂਟਿੰਗ ਪੰਜਾਬੀ ਬਾਗ ਇਲਾਕੇ ਵਿੱਚ ਸ਼ੁਰੂ ਹੋਣੀ ਸੀ, ਪਰ ਉਥੇ ਕਿਸਾਨਾਂ ਤੇ ਨੌਜਵਾਨਾਂ ਨੇ ਸ਼ੂਟਿੰਗ ਦਾ ਵਿਰੋਧ ਕਰਦਿਆਂ ਇਸ ਨੂੰ ਰੁਕਵਾ ਦਿੱਤਾ ਹੈ।

ਕਿਸਾਨਾਂ ਦਾ ਕਹਿਣਾ ਸੀ ਕਿ ਬਾਲੀਵੁੱਡ ਦੇ ਜਿੰਨੇ ਵੀ ਅਦਾਕਾਰ ਹਨ, ਉਨ੍ਹਾਂ 'ਚੋਂ ਕਿਸੇ ਨੇ ਵੀ ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਨਹੀਂ ਮਾਰਿਆ, ਜਿਸ ਕਾਰਨ ਇਨ੍ਹਾਂ ਨੂੰ ਪੰਜਾਬ ਵਿੱਚ ਕਿਤੇ ਸ਼ੂਟਿੰਗ ਨਹੀਂ ਕਰਨ ਦਿੱਤੀ ਜਾਵੇਗੀ ਤੇ ਨਾ ਇਨ੍ਹਾਂ ਦੀਆਂ ਫਿਲਮਾਂ ਥੀਏਟਰ 'ਚ ਲੱਗਣ ਦਿਆਂਗੇ। ਮੌਕੇ ਦੀ ਨਜ਼ਾਕਤ ਦੇਖ ਕੇਇਸ ਫਿਲਮ ਦੀ ਸ਼ੂਟਿੰਗ ਟੀਮ ਨੇ ਆਪਣਾ ਸਾਜੋ ਸਾਮਾਨ ਗੱਡੀਆਂ 'ਚ ਲੱਦ ਕੇ ਇਥੋਂ ਜਾਣਾ ਠੀਕ ਸਮਝਿਆ ਗਿਆ। ਸ਼ਹਿਰ ਦੇ ਕਿਲ੍ਹਾ ਚੌਕ ਖੇਤਰ ਵਿੱਚ ਇਸ ਫਿਲਮ ਦੀ ਸ਼ੂਟਿੰਗ ਲਈ ਜਾਹਨਵੀ ਕਪੂਰ ਅਤੇ ਉਨ੍ਹਾਂ ਦੀ ਟੀਮ ਨੇ ਰਾਤ ਸਮੇਂਤਿਆਰੀ ਕੀਤੀ ਹੋਈ ਸੀ। ਇਸ ਦੌਰਾਨ ਉਨ੍ਹਾਂ ਕੁਝ ਪ੍ਰਸ਼ੰਸਕਾਂ ਨੂੰ ਜਿਨ੍ਹਾਂ 'ਚ ਬੱਚੇ ਵੀ ਸਨ, ਨੂੰ ਆਪਣੇ ਆਟੋਗ੍ਰਾਫ ਵੀ ਦਿੱਤੇ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੀ ਸ਼ੂਟਿੰਗ ਦਾ ਬੱਸੀ ਪਠਾਣਾਂ ਵਿਖੇ ਵੀ ਵਿਰੋਧ ਕੀਤਾ ਜਾ ਚੁੱਕਾ ਹੈ।

# ਸੰਘਣੀ ਧੁੰਦ ਵਿੱਚ ਦੁੱਧ ਵਾਲੀ ਗੱਡੀ ਨਾਲ ਬਾਈਕ ਵੱਜੀ, ਦੋ ਨੌਜਵਾਨਾਂ ਦੀ ਮੌਤ

ਜਗਰਾਓਂ, 24 ਜਨਵਰੀ (ਪੋਸਟ ਬਿਊਰੋ)- ਧੁੰਦ ਵਿੱਚ ਹੋਏ ਸੜਕ ਹਾਦਸੇ ਵਿੱਚ ਦੋ ਨੌਜਵਾਨਾਂ ਦੀ ਮੌਤ ਹੋ ਗਈ ਹੈ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਦੱਸੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਸੰਦੀਪ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਰਾਏਕੋਟ ਆਪਣੇ ਸਾਥੀ ਨਾਲ ਮੋਗੇ ਕੰਮ ਲਈ ਜਾ ਰਹੇ ਸਨ। ਦੋਵੇਂ ਨੌਜਵਾਨ ਮੋਗਾ ਦੀ ਫਾਈਨੈਂਸ ਕੰਪਨੀ ਵਿੱਚ ਤੈਨਾਤ ਸਨ। ਉਹ ਪਿੰਡ ਰੂਮੀ ਵਿੱਚ ਪੁਲੀ ਦੇ ਨੇੜੇ ਪਹੁੰਚੇ ਤਾਂ ਸੰਘਣੀ ਧੁੰਦ ਕਾਰਨ ਇਨ੍ਹਾਂ ਦੀ ਬਾਈਕ ਦੁੱਧ ਵਾਲੇ ਟੈਂਕਰ ਨਾਲ ਟਕਰਾ ਗਈ, ਜਿਸ ਕਾਰਨ ਮੌਕੇ 'ਤੇ ਦੋਵਾਂ ਦੀ ਮੌਤ ਹੋ ਗਈ। ਸੜਕ ਤੋਂ ਲੰਘਦੇ ਲੋਕਾਂ ਵੱਲੋਂ ਇਸ ਬਾਰੇ ਪੁਲਸ ਨੂੰ ਦੱਸਿਆ ਤਾਂਇਸ ਮੌਕੇ ਪਹੁੰਚੇ ਥਾਣਾ ਸਦਰ ਦੇ ਐਸ ਐਚ ਓ ਰਮਨ ਕੁਮਾਰ ਦੇ ਮੁਤਾਬਕ ਅਣਪਛਾਤੇ ਵਾਹਨ ਚਾਲਕ 'ਤੇ ਕੇਸ ਦਰਜ ਕਰ ਲਿਆ ਗਿਆ ਹੈ।

# ਸ੍ਰੀ ਦਰਬਾਰ ਸਾਹਿਬ ਦੀ ਸੇਵਾ ਅਤੇ ਕਾਰ ਸੇਵਾ ਦੇ ਨਾਂਅ ਉਤੇ ਨਿੱਜੀ ਉਗਰਾਹੀ ਜਾਰੀ

ਅੰਮ੍ਰਿਤਸਰ, 24 ਜਨਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਹੇਠ ਸਭ ਤੋਂ ਵੱਡੇ ਸਿੱਖ ਧਰਮ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਸ਼ਰਧਾ ਤੇ ਹੋਰ ਸੇਵਾਵਾਂ ਦੇ ਬਹਾਨੇ ਕੁਝ ਲੋਕਾਂ ਵੱਲੋਂ ਸੰਗਤਾਂ ਤੋਂ ਵਸੂਲੀ ਕੀਤੀ ਜਾ ਰਹੀ ਹੈ। ਇਸ ਦਾ ਪਤਾ ਲੱਗਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੇ ਚਾਰ ਮੁਲਾਜ਼ਮਾਂ ਨੂੰ ਪਰਿਕਰਮਾ ਵਿੱਚ ਤੈਨਾਤ ਕਰ ਕੇ ਨਿਗਰਾਨੀ ਕਰਨ ਦੇ ਹੁਕਮ ਕੀਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਜਿੱਥੇ ਵੱਖ-ਵੱਖ ਸੇਵਾਵਾਂ ਨਿਭਾਉਣ ਲਈ ਕਾਰ ਸੇਵਾ ਵਾਲਿਆਂ ਨੂੰ ਸੇਵਾ ਦਿਤੀ ਹੈ, ਉਥੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਕੁਝ ਲੋਕਾਂ ਵੱਲੋਂ ਨਿੱਜੀ ਦੁਕਾਨਦਾਰੀ ਚਲਾਈ ਜਾ ਰਹੀ ਹੈ। ਇਸ ਨਾਲ ਹਰਿਮੰਦਰ ਸਾਹਿਬ ਦੇ ਸ਼ਰਧਾਲੂਆਂ ਦੇ ਉਥੇ ਪੁੱਜਣ 'ਤੇ ਜਿੱਥੇ ਦਰਸ਼ਨ ਕਰਾਉਂਦੇ ਹਨ, ਉਥੇ ਗੁਰੂ ਘਰ ਦੀਆਂ ਪਰਿਕਰਮਾ ਵਿੱਚ ਹੋਈਆਂ ਸੇਵਾਵਾਂ ਵਿੱਚ ਹਿੱਸਾ ਤੇ ਯੋਗਦਾਨ ਪਾਉਣ ਨੂੰ ਪਰੇਰਿਆ ਜਾਂਦਾ ਹੈ। ਇਹ ਸੇਵਾ ਸ਼੍ਰੋਮਣੀ ਕਮੇਟੀ ਦੇ ਧਿਆਨ ਵਿੱਚ ਲਿਆ ਕੇ ਕੀਤੀ ਜਾਂਦੀ ਹੈ, ਪਰ ਕਿੰਨੀ ਮਾਇਆ ਤੇ ਕਿਹੜੀ ਸੇਵਾ ਕਿਸ ਪ੍ਰੇਮੀ ਨੇ ਗੁਰੂ ਘਰ ਲਈ ਕੀਤੀ ਹੈ, ਇਸ ਨੂੰ ਗੁਪਤ ਰੱਖਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੇ ਗਲਿਆਰਿਆਂ ਵਿੱਚ ਚਰਚਾ ਹੈ ਕਿ ਦੁੱਖ ਭੰਜਨੀ ਬੇਰੀ ਵਿੱਚ ਤਿਆਰ ਕੀਤੇ ਗਏ ਦੋ ਕਮਰੇ, ਜਿਨ੍ਹਾਂ ਦੀ ਸੇਵਾ ਕਾਰ ਸੇਵਾ ਭੂਰੀ ਵਾਲਿਆਂ ਨੂੰ ਦਿੱਤੀ ਸੀ, ਕਮਰਿਆਂ ਦੇ ਨਾਂਅ ਉਤੇ ਵੱਖ-ਵੱਖ ਪ੍ਰੇਮੀਆਂ ਵੱਲੋਂ ਸੇਵਾ ਵਿੱਚ ਯੋਗਦਾਨ ਪੁਆਉਣ ਲਈ ਉਗਰਾਹੀ ਕੀਤੀ ਗਈ। ਇਸ ਤੋਂ ਇਲਾਵਾ ਹਰਿਮੰਦਰ ਸਾਹਿਬ ਦੇ ਕੰਪਲੈਕਸ ਵਿੱਚ ਜਿੱਥੇ ਅਖੰਡ ਪਾਠ ਚੱਲ ਰਹੇ ਹਨ, ਉਨ੍ਹਾਂ ਕਮਰਿਆਂ ਦੀ ਤਿਆਰੀ ਤੇ ਹੋਰ ਸੁੰਦਰ ਬਣਾਉਣ ਲਈ ਕਈ ਸਾਲਾਂ ਤੋਂ ਇੱਕ ਵਿਅਕਤੀ ਸੇਵਾ ਦੇ ਨਾਂਅ 'ਤੇ ਸ਼ਰਧਾਲੂਆਂ ਤੋਂ ਮਾਇਆ ਇਕੱਤਰ ਕਰ ਰਿਹਾ ਹੈ। ਇਸ ਪ੍ਰੇਮੀ ਨੇ ਸ਼੍ਰੋਮਣੀ ਕਮੇਟੀ ਦੇ ਇੱਕ ਅਧਿਕਾਰੀ ਅਤੇ ਦਰਬਾਰ ਸਾਹਿਬ ਦੇ ਮੁਲਾਜ਼ਮਾਂ ਨੂੰ ਹਵਾਈ ਯਾਤਰਾ ਵੀ ਕਰਵਾਈ ਹੈ। ਗੁਰੂ ਘਰ ਵਿੱਚ ਸੇਵਾ ਕਰਨ ਆਉਣ ਵਾਲੇ ਸਿੰਘਾਂ ਨੂੰ ਹਵਾਈ ਯਾਤਰਾ ਕਰਵਾਈ ਜਾਂਦੀ ਹੈ ਤੇ ਯਾਤਰਾਵਾਂ 'ਤੇ ਮੁਫਤ ਭੇਜਿਆ ਜਾਂਦਾ ਹੈ।

# ਬਲਾਤਕਾਰ ਪੀੜਤਾ ਦੇ ਇਲਾਜ ਵਿੱਚ ਦੇਰੀ ਬਾਰੇ ਰਿਪੋਰਟ ਪੇਸ਼ ਕਰਨ ਦਾ ਹੁਕਮ

ਚੰਡੀਗੜ੍ਹ, 24 ਜਨਵਰੀ (ਪੋਸਟ ਬਿਊਰੋ)- ਗੁਰਦਾਸਪੁਰ ਜ਼ਿਲੇ ਵਿੱਚ ਇੱਕ ਬਲਾਤਕਾਰ ਪੀੜਤ ਲੜਕੀ ਦੇ ਇਲਾਜ ਵਿੱਚ ਐਸ ਐਮ ਓ ਡਾਕਟਰ ਚੇਤਨਾ ਅਤੇ ਸਿਵਲ ਹਸਪਤਾਲ ਦੇ ਮੈਡੀਕਲ ਅਧਿਕਾਰੀਆਂ ਵੱਲੋਂ ਕੀਤੀ ਲਾਪਰਵਾਹੀ ਵਾਲੀ ਘਟਨਾ 'ਤੇ ਸਖਤੀ ਕਰਦਿਆਂ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸਿਵਲ ਸਰਜਨ ਗੁਰਦਾਸਪੁਰ ਨੂੰ ਤਿੰਨ ਦਿਨਾਂ ਵਿੱਚ ਇਸ ਦੀ ਰਿਪੋਰਟ ਜਮ੍ਹਾਂ ਭੇਜਣ ਦੀ ਹਦਾਇਤ ਕੀਤੀ ਹੈ। ਪੰਜਾਬ ਭਵਨ ਵਿਖੇ ਸਿਵਲ



ਸਰਜਨਜ਼ ਰੀਵਿਊ ਮੀਟਿੰਗ ਦੀ ਅਗਵਾਈ ਦੌਰਾਨ ਸਿਹਤ ਮੰਤਰੀ ਸਿੱਧੂ ਨੇ ਕਿਹਾ ਕਿ ਹਸਪਤਾਲਾਂ ਵਿੱਚ ਬਲਾਤਕਾਰ ਦੇ ਕੇਸਾਂ ਦੀ ਜਾਂਚ ਵਿੱਚ ਅਧਿਕਾਰ ਖੇਤਰ ਦੀਆਂ ਹੱਦਾਂ ਨਹੀਂ ਹੁੰਦੀਆਂ ਤੇ ਹਸਪਤਾਲ ਆਈ ਕਿਸੇ ਵੀ ਪੀੜਤ ਨੂੰ ਤੁਰੰਤ ਇਲਾਜ ਦੇਣ ਦੀ ਜ਼ਿੰਮੇਵਾਰੀ ਮੈਡੀਕਲ ਅਫਸਰ ਦੀ ਹੁੰਦੀ ਹੈ। ਅਜਿਹੀਆਂ ਸਾਰੀਆਂ ਗੰਭੀਰ ਘਟਨਾਵਾਂ ਵਿੱਚ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣਾ ਵੀ ਸਿਵਲ ਸਰਜਨ ਦੀ ਜ਼ਿੰਮੇਵਾਰੀ ਹੈ। ਮੰਤਰੀ ਨੇ ਭਰੋਸਾ ਦਿੱਤਾ ਕਿ ਸਿਵਲ ਸਰਜਨ ਵੱਲੋਂ ਪੇਸ਼ ਕੀਤੀ ਜਾਣ ਵਾਲੀ ਰਿਪੋਰਟ ਦੇ ਆਧਾਰ 'ਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਸਖਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਵਿਜ਼ਨਵੇਅ ਦੇ ਐਮ ਡੀ ਅਤੇ ਡਾਇਰੈਕਟਰ ਖਿਲਾਫ ਧੋਖਾਧੜੀ ਦਾ ਕੇਸ ਦਰਜ

ਨਵਾਂ ਸ਼ਹਿਰ, 24 ਜਨਵਰੀ (ਪੋਸਟ ਬਿਊਰੋ)- ਥਾਣਾ ਸਿਟੀ ਨਵਾਂ ਸ਼ਹਿਰ ਵਿਖੇ ਵਿਜ਼ਨਵੇਅ ਇਮੀਗਰੇਸ਼ਨ ਦੇ ਐਮ ਡੀ ਪ੍ਰਵੀਨ ਅਰੋੜਾ ਅਤੇ ਡਾਇਰੈਕਟਰ ਵਿਭਾ ਅਰੋੜਾ ਦੇ ਖਿਲਾਫ ਧੋਖਾਧੜੀ ਸਬੰਧੀ ਕੇਸ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇ ਮਾਰੇ ਜਾ ਰਹੇਹਨ।

ਮਿਲੀ ਜਾਣਕਾਰੀ ਅਨੁਸਾਰ ਸੋਨੀਆ ਬੰਗਾ ਵਾਸੀ ਊਧੋਵਾਲ ਨੇ ਜ਼ਿਲ੍ਹਾ ਪੁਲਸ ਮੁਖੀ ਨੂੰ ਇਹ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਇਸ ਸੰਸਥਾ ਨੂੰ ਕੈਨੇਡਾ ਦੇ ਮੋਹਾਕ ਕਾਲਜ ਵਿੱਚ ਕੋਰਸ ਲਈ ਕਰੀਬ 15 ਲੱਖ ਰੁਪਏ ਦਿੱਤੇ ਸਨ। ਕੁਝ ਸਮੇਂ ਬਾਅਦ ਜਦੋਂ ਉਸ ਨੂੰ ਕੈਨੇਡਾ ਅੰਬੈਸੀ ਤੋਂ ਆਫਰ ਲੈਟਰ ਜਾਅਲੀ ਹੋਣ ਦੀ ਈ-ਮੇਲ ਆਈ ਤਾਂ ਉਸ ਨੇ ਅਰੋੜਾ ਜੋੜੇ ਤੋਂ ਆਈ ਆਫਰ ਲੈਟਰ ਦੀ ਮੰਗੀ। ਉਹ ਉਸ ਨੂੰ ਮਿਲਣ ਤੋਂ ਟਾਲਣ ਲੱਗ ਪਏ। ਸੀ ਐਮ ਸੀ ਲੁਧਿਆਣਾ ਵਿੱਚ ਨਰਸ ਵਜੋਂ ਕੰਮ ਕਰਦੀ ਸੋਨੀਆ ਨੇ ਦੋਸ਼ ਲਾਇਆ ਹੈ ਕਿ ਮੁਲਜ਼ਮਾਂ ਨੇ ਨਕਲੀ ਆਫਰ ਲੈਟਰ ਨਾਲ ਵੀਜ਼ਾ ਅਪਲਾਈ ਕਰ ਕੇ ਉਸ ਦਾ ਭਵਿੱਖ ਤਬਾਹ ਕਰ ਦਿੱਤਾ ਹੈ।ਉਸ ਦਾ ਕਹਿਣਾ ਹੈ ਕਿ ਦੋਸ਼ੀ ਵੱਧ ਪੈਸੇ ਕਮਾਉਣ ਦੇ ਲਾਲਚ ਵਾਸਤੇ ਵਿਦਿਆਰਥੀਆਂ ਦਾ ਭਵਿੱਖ ਖਰਾਬ ਕਰ ਰਹੇ ਹਨ ਅਤੇ ਮੋਟੀਆਂ ਰਕਮਾਂ ਵਸੂਲ ਕੇ ਭੋਲੇ-ਭਾਲੇ ਲੋਕਾਂ ਦੀ ਲੁੱਟ ਕਰ ਰਹੇ ਹਨ। ਪੀੜਤਾ ਨੇ ਮੰਗ ਕੀਤੀ ਕਿ ਮੁਲਜ਼ਮਾਂ ਦਾ ਲਾਇਸੈਂਸ ਰੱਦ ਕੀਤਾ ਜਾਵੇ ਅਤੇ ਉਸ ਦੀ ਬਣਦੀ ਰਕਮ ਵਾਪਸ ਕਰਵਾਈ ਜਾਵੇ।

# ਅੰਦੋਲਨਕਾਰੀ ਕਿਸਾਨ ਬਣ ਕੇ ਲਿਫਟ ਲੈਣ ਵਾਲੇ ਲੁਟੇਰੇ ਕਾਰ ਖੋਹ ਕੇ ਫਰਾਰ

ਲਾਲੜੂ, 24 ਜਨਵਰੀ (ਪੋਸਟ ਬਿਊਰੋ)- ਅੰਬਾਲਾ-ਚੰਡੀਗੜ੍ਹ ਨੈਸ਼ਨਲ ਹਾਈਵੇ ਉੱਤੇ ਕੱਲ੍ਹ ਰਾਤ ਦੱਪਰ ਟੋਲ ਪਲਾਜ਼ਾ ਤੋਂ ਅੰਦੋਲਨਕਾਰੀ ਕਿਸਾਨ ਦੱਸ ਕੇ ਕਾਰ ਵਿੱਚ ਲਿਫਟ ਲੈ ਕੇ ਬੈਠੇ ਚਾਰ ਜਣੇ ਚਾਕੂ ਦੀ ਨੋਕ 'ਤੇ ਕਾਰ ਮਾਲਕ ਕੋਲੋਂ ਕਾਰ ਖੋਹ ਕੇ ਫਰਾਰ ਹੋ ਗਏ। ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਥਾਣਾ ਲਾਲੜੂ ਦੇ ਖੇਤਰ ਵਿੱਚ ਇਹ ਸਵਾਰੀਆਂ ਦੇ ਭੇਸ 'ਚ ਕਾਰ ਖੋਹਣ ਦੀ ਇੱਕ ਮਹੀਨੇ ਵਿੱਚ ਦੂਜੀ ਵਾਰਦਾਤ ਹੈ। ਬੀਤੀ 26 ਦਸੰਬਰ ਦੀ ਰਾਤ ਨੂੰ ਕਾਰ ਖੋਹਣ ਵਾਲੇ ਸਾਰੇ ਬੰਦੇ ਫੜੇ ਗਏ ਸਨ। ਪਤਾ ਲੱਗਾ ਹੈ ਕਿ ਲਾਲੜੂ ਦਾ ਵਾਸੀ ਗੌਰਵ ਸੈਣੀ ਪੁੱਤਰ ਰਾਜਪਾਲ ਆਪਣੀ ਸਵਿਫਟ ਕਾਰ 'ਚ ਚੰਡੀਗੜ੍ਹ ਤੋਂ ਆਪਣੇ ਘਰ ਪਰਤ ਰਿਹਾ ਸੀ ਕਿ ਦੱਪਰ ਟੋਲ ਪਲਾਜ਼ਾ ਨੇੜੇ ਚਾਰ ਜਣਿਆਂ ਨੇ ਉਸ ਨੂੰ ਰੋਕ ਕੇ ਖੁਦ ਨੂੰ ਅੰਦੋਲਨਕਾਰੀ ਕਿਸਾਨ ਦੱਸ ਕੇ ਲਾਲੜੂ ਤੱਕ ਲਿਫਟ ਮੰਗੀ। ਰਾਤ ਕਰੀਬ ਡੇਢ ਵਜੇ ਦੱਪਰ ਟੋਲ ਪਲਾਜ਼ਾ ਤੋਂ ਲਿਫਟ ਲੈਣ ਤੋਂ ਦੋ ਕਿਲੋਮੀਟਰ 'ਤੇ ਲਾਲੜੂ ਆਈ ਟੀ ਆਈ ਚੌਕ ਤੋਂ ਪਹਿਲਾਂ ਕਿਸਾਨ ਦੇ ਭੇਸ ਵਿੱਚ ਬੈਠੇ ਚਾਰੇ ਲੁਟੇਰੇ ਚਾਕੂ ਦੀ ਨੋਕ 'ਤੇ ਕਾਰਚਲਾ ਰਹੇ ਗੌਰਵ ਸੈਣੀ ਨੂੰ ਕਾਰ ਤੋਂ ਉਤਾਰ ਕੇ ਅੰਬਾਲਾ ਵੱਲ ਕਾਰ ਸਮੇਤ ਫਰਾਰ ਹੋ ਗਏ। ਜਾਂਚ ਅਫਸਰ ਜਗਤਾਰ ਸਿੰਘ ਨੇ ਕਾਰ ਖੋਹੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸਿੱਖਸ ਫਾਰ ਜਸਟਿਸ ਵੱਲੋਂ ਦਿੱਲੀ ਨੂੰ ਹਨੇਰੇ ਵਿੱਚ ਡੁਬੋਣ ਦੀ ਧਮਕੀ

* ਬ੍ਰਿਟੇਨ ਤੋਂ ਆਏ ਫੋਨ ’ਤੇ ਹਮਲੇ ਦੀ ਗੱਲ ਕਹੀ ਗਈ

ਨਵੀਂ ਦਿੱਲੀ, 24 ਜਨਵਰੀ (ਪੋਸਟ ਬਿਊਰੋ)- ਇਸ ਵਾਰੀ ਦੇ ਗਣਤੰਤਰ ਦਿਵਸ ਦੇ ਵਕਤ ਖਾਲਿਸਤਾਨੀ ਗਰੁੱਪ ਸਿੱਖਸ ਫਾਰ ਜਸਟਿਸ (ਐਸ ਐਫ ਜੇ) ਅਤੇ ਹੋਰ ਖਾਲਿਸਤਾਨ ਸਮਰਥਕ ਸੰਗਠਨਾਂ ਵੱਲੋਂ ਬਿਜਲੀ ਕੱਟਣ ਅਤੇ ਰਾਜਧਾਨੀ ਦਿੱਲੀ ਨੂੰ ਹਨੇਰੇ ਵਿੱਚ ਡੁਬੋ ਦੇਣ ਧਮਕੀ ਪਿੱਛੋਂ ਦਿੱਲੀ ਦੇ ਸਾਰੇ ਗਰਿਡ ਅਤੇ ਪਾਵਰ ਸਟੇਸ਼ਨਾਂ ’ਤੇ ਪੁਲਸ ਦਾ ਸਖਤ ਪਹਿਰਾ ਲਾ ਦਿੱਤਾ ਗਿਆ ਹੈ ਅਤੇ 25 ਅਤੇ 26 ਜਨਵਰੀ ਇਨ੍ਹਾਂ ਥਾਵਾਂ ’ਤੇ ਪੁਲਸ ਤੈਨਾਤ ਰਹੇਗੀ।

ਮਿਲੀ ਜਾਣਕਾਰੀ ਅਨੁਸਾਰ ਇੰਟੈਲੀਜੈਂਸ ਦੀ ਸੂਚਨਾ ਮਗਰੋਂ ਸਾਰੇ 14 ਜ਼ਿਲ੍ਹਿਆਂ ਦੇ ਪੁਲਸ ਡਿਪਟੀ ਕਮਿਸ਼ਨਰਾਂਨੇ ਥਾਣਾ ਮੁਖੀਆਂ ਨੂੰ ਪਾਵਰ ਸਟੇਸ਼ਨਾਂ ’ਤੇ 24 ਘੰਟੇ ਪੁਲਸ ਦੀ ਤੈਨਾਤੀ ਦੇ ਹੁਕਮ ਦਿੱਤੇ ਹਨ ਅਤੇ ਸਾਰੇ ਉਚ ਅਧਿਕਾਰੀਆਂ ਨੂੰ ਵੀ ਇਸ ’ਤੇ ਨਜ਼ਰ ਰੱਖਣ ਨੂੰ ਕਿਹਾ ਗਿਆ ਹੈ। ਖੇਤੀ ਕਾਨੂੰਨਾਂ ਦਾ ਵਿਰੋਧ ਕਰਦੇ ਕਿਸਾਨਾਂ ਨੂੰ ਵੀਡੀਓ ਮੈਸਿਜ਼ ਭੇਜੇ ਜਾ ਰਹੇ ਹਨ ਅਤੇ ਬ੍ਰਿਟੇਨ ਤੋਂ ਵੀ ਲੋਕਾਂ ਨੂੰ ਫੋਨ ਆ ਰਹੇ ਹਨ, ਜਿਸ ਵਿੱਚ ਖਾਲਿਸਤਾਨ ਸਮਰਥਕ ਸੰਗਠਨ ਵੱਲੋਂ ਹਮਲੇ ਦੀ ਗੱਲ ਦੱਸ ਕੇ ਲੋਕਾਂ ਨੂੰ 26 ਜਨਵਰੀ ਨੂੰ ਘਰੋਂ ਨਿਕਲਣ ਤੋਂ ਮਨ੍ਹਾ ਕੀਤਾ ਜਾ ਰਿਹਾ ਹੈ। ਜਾਣਕਾਰ ਸੂਤਰਾਂ ਮੁਤਾਬਕ ਐਸ ਐਫ ਜੇ ਵੱਲੋਂ ਖੇਤੀ ਕਾਨੂੰਨਾਂ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕਰਦੇ ਪੰਜਾਬ ਦੇ ਕਿਸਾਨਾਂ ਨੂੰ ਪਿੱਛਲੇ ਸੋਮਵਾਰ ਨੂੰ ਇੱਕ ਵੀਡੀਓ ਮੈਸੇਜ ਭੇਜਿਆ ਗਿਆ, ਜਿਸ ਵਿੱਚ ਉਨ੍ਹਾਂ ਨੂੰ ਗਣਤੰਤਰ ਦਿਵਸ ’ਤੇ ਉਕਸਾਉਣ ਦੀ ਕੋਸ਼ਿਸ਼ ਕੀਤੀ ਗਈ। ਇਸਵਿੱਚ ਐਸ ਐਫ ਜੇ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਬੀ ਐਸ ਈ ਐਸ ਰਾਜਧਾਨੀ ਪਾਵਰ ਲਿਮਟਿਡ ਅਤੇ ਬੀ ਐਸ ਈ ਐਸ ਜਮਨਾ ਪਾਵਰ ਲਿਮਟਿਡ ਦਿੱਲੀ ਨੂੰ ਬਿਜਲੀ ਦੇਂਦੀ ਹੈ। ਇਨ੍ਹਾਂ ਕੰਪਨੀਆਂ ਦਾ ਮਾਲਕ ਅੰਬਾਨੀ ਹੈ। ਨਵੇਂ ਖੇਤੀ ਕਾਨੂੰਨ ਨਾਲ ਇਸੇ ਕੰਪਨੀ ਨੂੰ ਜ਼ਿਆਦਾ ਲਾਭ ਹੋਵੇਗਾ। ਇਸ ਲਈ ਕਿਸਾਨ ਦੋ ਦਿਨ ਦਿੱਲੀ ਦੀ ਬਿਜਲੀ ਕੱਟ ਦੇਣ, ਤਾਂ ਕਿ ਰਾਜਧਾਨੀ ਵਿੱਚ ਹਨੇਰਾ ਫੈਲ ਜਾਏ ਅਤੇ ਸਰਕਾਰ ਕਿਸਾਨਾਂ ਦੀ ਮੰਗ ਮੰਨਣ ਨੂੰ ਮਜ਼ਬੂਰ ਹੋ ਜਾਏ। ਪੰਨੂ ਨੇ ਇਹ ਵੀ ਧਮਕੀ ਦਿੱਤੀ ਹੈ ਕਿ ਖਾਲਿਸਤਾਨ ਸਮਰਥਕ ਗਣਤੰਤਰ ਦਿਵਸ ਦੇ ਦਿਨ ਦਿੱਲੀ ਵਿੱਚ ਹਮਲਾ ਕਰਨਗੇ। ਇਸ ਤੋਂ ਪਹਿਲਾਂ ਐਸ ਐਫ ਜੇ ਵੱਲੋਂ ਲਾਲ ਕਿਲੇ ’ਤੇ ਖਾਲਿਸਤਾਨੀ ਝੰਡਾ ਲਹਿਰਾਉਣ ’ਤੇ ਲੋਕਾਂ ਨੂੰ ਇਨਾਮ ਦੇਣ ਸਣੇ ਅਲੱਗ-ਅਲੱਗ ਪ੍ਰਕਾਰ ਦੀਆਂ ਗੱਲਾਂ ਕਹੀਆਂ ਜਾ ਰਹੀਆਂ ਹਨ।

# ਕੌਮਾਂਤਰੀ ਸਰਹੱਦ ਨੇੜੇ ਬੀ ਐਸ ਐਫ ਨੂੰ ਇੱਕ ਹੋਰ ਸੁਰੰਗ ਲੱਭੀ

ਸ੍ਰੀਨਗਰ, 24 ਜਨਵਰੀ (ਪੋਸਟ ਬਿਊਰੋ)- ਸਰਹੱਦੀ ਸੁਰੱਖਿਆ ਫੋਰਸ (ਬੀ ਐਸ ਐਫ) ਨੇ ਕੱਲ੍ਹ ਜੰਮੂ ਖੇਤਰ ਦੇ ਜ਼ਿਲ੍ਹਾ ਕਠੂਆ ਅਤੇ ਹੀਰਾ ਨਗਰ ਸੈਕਟਰ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਉਤੇ ਪਾਕਿਸਤਾਨ ਵੱਲੋਂ ਅੱਤਵਾਦੀਆਂ ਦੀ ਘੁਸਪੈਠ ਕਰਵਾਉਣ ਲਈ ਪੁੱਟੀ ਗਈ ਇੱਕ ਹੋਰ ਜ਼ਮੀਨ ਦੋਜ਼ ਸੁਰੰਗ ਦਾ ਪਤਾ ਲਾ ਕੇ ਇੱਕ ਹੋਰ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਪਿਛਲੇ ਦਸ ਦਿਨਾਂ ’ਚ ਮਿਲੀ ਇਹ ਦੂਜੀ ਸੁਰੰਗ ਹੈ।

ਬੀ ਐਸ ਐਫ ਦੇ ਆਈ ਜੀ (ਫਰੰਟੀਅਰ) ਜੇ ਐਸ ਜਮਾਲ ਨੇ ਦੱਸਿਆ ਕਿ ਬੀ ਐਸ ਐਫ ਦੀ ਗਸ਼ਤੀ ਪਾਰਟੀ ਨੂੰ ਸੁਰੰਗ ਦਾ ਪਤਾ ਲਾਉਣ ਦੀ ਮੁਹਿੰਮਤਹਿਤ ਕੱਲ੍ਹ ਸਵੇਰੇ ਅੰਤਰਰਾਸ਼ਟਰੀ ਸਰਹੱਦ ਉਤੇ ਪਾਨੇਸਰ ਬੀ ਓ ਪੀ ਚੌਕੀ ਨੰਬਰ 14 ਅਤੇ 15 ਵਿਚਾਲੇ ਇਹ ਸੁਰੰਗ ਮਿਲੀ ਹੈ। ਸਰਹੱਦ ਦੇ ਆਰ-ਪਾਰ150 ਮੀਟਰ ਲੰਬੀ ਇਹ ਸੁਰੰਗ ਪਾਕਿ-ਸਤਾਨ ਵਾਲੇ ਪਾਸੇ ਤੋਂ ਤੀਹ ਫੁੱਟ ਡੂੰਘੀ ਅਤੇ ਤਿੰਨ ਫੁੱਟ ਚੌੜੀ ਦੱਸੀ ਗਈ ਹੈ। ਬੀ ਐਸ ਐਫ ਨੇ ਇਲਾਕੇ ਨੂੰ ਘੇਰ ਕੇ ਤਲਾਸ਼ੀ ਮੁਹਿੰਮ ਛੇੜੀ ਹੋਈ ਹੈ। ਹੀਰਾਨਗਰ ਸੈਕਟਰ ਵਿੱਚ ਪਿਛਲੇ 10 ਦਿਨਾਂ ਦੌਰਾਨ ਪਾਕਿ-ਸਤਾਨ ਵੱਲੋਂ ਬਣਾਈ ਇਹ ਦੂਜੀ ਸੁਰੰਗ ਹੈ। 13 ਜਨਵਰੀ ਨੂੰ ਬੀ ਐਸ ਐਫ ਨੇ ਹੀਰਾਨਗਰ ਦੇ ਬਬੀਆ ਪਿੰਡ ਨੇੜੇ 150 ਮੀਟਰ ਲੰਬੀ, 20 ਫੁੱਟ ਡੂੰਘੀ ਅਤੇ ਢਾਈ ਫੁੱਟ ਚੌੜੀ ਸੁਰੰਗ ਦਾ ਪਤਾ ਲਗਾਇਆ ਸੀ। ਬੀ ਐਸ ਐਫ ਦੇ ਮੁਤਾਬਕ ਉਕਤ ਸੁਰੰਗ ਬਾਰੇ ਬੀ ਐਸ ਐਫ ਨੂੰ ਲਗਾਤਾਰ ਸੂਚਨਾ ਮਿਲ ਰਹੀ ਸੀ। ਨਗਰੋਟਾ ਹਮਲੇ ਪਿੱਛੋਂ ਸਰਹੱਦੀ ਪਿੰਡਾਂ ਵਿਚ ਸੁਰੰਗਾਂ ਦੀ ਖੋਜ ਲਈ ਬੀ ਐਸ ਐਫ ਨੇ ਆਪ੍ਰੇਸ਼ਨ ਸੁਦਰਸ਼ਨ ਚਲਾਇਆ ਹੋਇਆ ਹੈ। ਕੰਟਰੋਲ ਰੇਖਾ ’ਤੇ ਫੌਜ ਵੱਲੋਂ ਵਰਤੀ ਜਾ ਰਹੀ ਚੌਕਸੀ ਦੇ ਦੌਰਾਨ ਵੀ ਪਾਕਿਸਤਾਨ ਅੱਤਵਾਦੀਆਂ ਨੂੰ ਅੰਤਰਾਸ਼ਟਰੀ ਸਰਹੱਦ ਤੋਂ ਘੁਸਪੈਠ ਕਰਵਾਉਣ ਦੀ ਸਾਜ਼ਿਸ਼ ਲਈ ਬਾਜ਼ ਨਹੀਂ ਆ ਰਿਹਾ ਹੈ।

# ਮਮਤਾ ਦੀ ਨਵੀਂ ਤਜਵੀਜ਼: ਭਾਰਤ ਵਿੱਚ ਵਾਰੀ-ਵਾਰੀ ਚੱਲਦੀਆਂ 4 ਰਾਜਧਾਨੀਆਂ ਚਾਹੀਦੀਆਂ ਨੇ



ਕੋਲਕਾਤਾ, 24 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੱਲ੍ਹ ਨਵੀਂ ਤਜਵੀਜ਼ ਪੇਸ਼ ਕਰ ਦਿੱਤੀ ਹੈ ਕਿ ਭਾਰਤ ਵਿੱਚ ਵਾਰੀ-ਵਾਰੀ ਚੱਲਣ ਵਾਲੀਆਂ ਚਾਰ ਰਾਜਧਾਨੀਆਂ ਹੋਣੀਆਂ ਚਾਹੀਦੀਆਂ ਹਨ ਤੇ ਦੇਸ਼ ਦੇ ਵੱਖ-ਵੱਖ ਥਾਵਾਂ ’ਤੇ ਪਾਰਲੀਮੈਂਟ ਸੈਸ਼ਨ ਹੋਣੇ ਚਾਹੀਦੇ ਹਨ।

ਮਮਤਾ ਬੈਨਰਜੀ ਨੇ ਕੱਲ੍ਹ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਵਸ ਨੂੰ ‘ਪਰਾਕਰਮ ਦਿਵਸ’ ਵਜੋਂ ਮਨਾਉਣ ਦੇ ਫੈਸਲੇ ਲਈ ਕੇਂਦਰ ਸਰਕਾਰ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਐਲਾਨ ਕਰਨ ਤੋਂ ਪਹਿਲਾਂ ਨੇਤਾਜੀ ਦੇ ਰਾਜ ਦੀ ਸਰਕਾਰ ਨਾਲ ਸਲਾਹ ਨਹੀਂ ਕੀਤੀ। ਉਨ੍ਹਾਂ ਨੇਤਾ ਜੀ ਨੂੰ ਉਨ੍ਹਾਂ ਦੀ 125ਵੀ ਜਯੰਤੀ ’ਤੇ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਵਿਸ਼ਾਲ ਜਲੂਸ ਵਿੱਚ ਸ਼ਾਮਲ ਹੋਣ ਪਿੱਛੋਂ ਏਥੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, “ਬ੍ਰਿਟਿਸ਼ ਰਾਜ ਦੌਰਾਨ ਕੋਲਕਾਤਾ ਦੇਸ਼ ਦੀ ਰਾਜਧਾਨੀ ਹੁੰਦੀ ਸੀ। ਮੇਰੇ ਖਿਆਲ ਵਿੱਚ ਸਾਨੂੰ ਇੱਕ-ਇੱਕ ਕਰ ਕੇ ਚਾਰ ਰਾਜਧਾਨੀਆਂ ਮਿਲਣੀਆਂ ਚਾਹੀਦੀਆਂ ਹਨ। ਦੇਸ਼ ਦੀ ਇੱਕੋ ਰਾਜਧਾਨੀ ਕਿਉਂ ਚਾਹੀਦੀ ਹੈ? ਦੇਸ਼ ਵਿੱਚ ਵੱਖ-ਵੱਖ ਥਾਵਾਂ ’ਤੇ ਪਾਰਲੀਮੈਂਟ ਦਾ ਸੈਸ਼ਨ ਹੋਣਾ ਚਾਹੀਦਾ ਹੈ? ਸਾਨੂੰ ਆਪਣੀ ਧਾਰਨਾ ਬਦਲਣੀ ਪਵੇਗੀ?”ਉਨ੍ਹਾਂ ਇਹ ਸਵਾਲ ਉਠਾਇਆ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਜਨਮ ਦਿਨ ‘ਦੇਸ਼ਨਾਇਕ ਦਿਵਸ’ਵਜੋਂ ਕਿਉਂ ਨਹੀਂ ਮਨਾਇਆ ਜਾਣਾ ਚਾਹੀਦਾ? ਉਂਹਾ ਕਿਹਾ, “ਪਰਾਕਰਮ ਦਾ ਕੀ ਅਰਥ ਹੈ? ਹੋ ਸਕਦਾ ਹੈ ਕਿ ਉਹ ਮੈਨੂੰ ਰਾਜਨੀਤਕ ਤੌਰ ਉੱਤੇ ਨਾਪਸੰਦ ਕਰਦੇ ਹੋਣਗੇ, ਪਰ ਮੇਰੇ ਨਾਲ ਸਲਾਹ ਤਾਂ ਕਰ ਸਕਦੇ ਸਨ। ਸ਼ਬਦ ਦੀ ਚੋਣ ਕਰਨ ਤੋਂ ਪਹਿਲਾਂ ਉਹ ਨੇਤਾ ਜੀ ਦੇ ਪੋਤਰੇ ਸੁਗਤ ਬੋਸ ਜਾਂ ਸੁਮੰਤਰ ਬੋਸ ਨਾਲ ਸਲਾਹ ਕਰ ਸਕਦੇ ਸਨ। ਉਨ੍ਹਾਂ ਇਹ ਵੀ ਪੁੱਛਿਆ, ‘ਪਰਾਕਰਮ’ ਨਾਂਅ ਕਿਸ ਨੇ ਦਿੱਤਾ ਹੈ? ਅਸੀਂ ਇਸ ਦਿਨ ਨੂੰ ਇੱਥੇ ਦੇਸ਼ਨਾਇਕ ਦਿਵਸ ਵਜੋਂ ਮਨਾ ਰਹੇ ਹਾਂ, ਕਿਉਂਕਿ ਇਸ ਦਾ ਇੱਕ ਇਤਿਹਾਸ ਹੈ। ਰਬਿੰਦਰਨਾਥ ਟੈਗੋਰ ਨੇ ਨੇਤਾ ਜੀ ਨੂੰ ਦੇਸ਼ਨਾਇਕ ਕਿਹਾ ਸੀ। ਇਸੇ ਕਾਰਨ ਹੀ ਅਸੀਂ ਅੱਜ ਇਸ ਨਾਂਅ ਦੀ ਵਰਤੋਂ ਬੰਗਾਲ ਦੀਆਂ ਦੋ ਮਹਾਨ ਸਖਸ਼ੀਅਤਾਂ ਨੂੰ ਜੋੜਨ ਲਈ ਕੀਤੀ ਹੈ।

# ਪੀ ਐਮ ਸੀ ਬੈਂਕ ਘੋਟਾਲੇ ਵਿੱਚ ਵੀਵਾ ਗਰੁੱਪ ਦੇ ਦੋ ਵੱਡੇ ਅਧਿਕਾਰੀ ਗ੍ਰਿਫਤਾਰ




ਮੁੰਬਈ, 24 ਜਨਵਰੀ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ ਨੇ ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ (ਪੀ ਐਮ ਸੀ) ਬੈਂਕ ਘੋਟਾਲਾ ਕੇਸ ਵਿੱਚ ਬਹੁਜਨ ਵਿਕਾਸ ਅਘਾੜੀ (ਬੀ ਵੀ ਏ) ਦੇ ਮੁਖੀ ਅਤੇ ਵਿਧਾਇਕ ਹਿਤੇਂਦਰ ਠਾਕੁਰ,ਪਰਮੋਟਰ ਵੀਵਾ ਗਰੁੱਪ ਨਾਲ ਜੁੜੇ ਪੰਜ ਟਿਕਾਣਿਆਂ ’ਤੇ ਸ਼ੁੱਕਰਵਾਰ ਨੂੰ ਛਾਪੇਮਾਰੀ ਕੀਤੀ ਤੇ ਇਸ ਦੇ ਮੈਨੇਜਿੰਗ ਡਾਇਰੈਕਟਰ ਮੇਹੁਲ ਠਾਕੁਰ ਅਤੇ ਡਾਇਰੈਕਟਰ ਮਦਨ ਗੋਪਾਲ ਚਤੁਰਵੇਦੀ ਨੂੰ ਗ੍ਰਿਫਤਾਰ ਕਰ ਲਿਆ ਹੈ। ਕੋਰਟ ਨੇ ਦੋਵਾਂ ਨੂੰ ਕੱਲ੍ਹ ਚਾਰ ਦਿਨ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਹਿਰਾਸਤ ਵਿੱਚ ਭੇਜ ਦਿੱਤਾ।ਇਨ੍ਹਾਂ ਦੀ ਗ੍ਰਿਫਤਾਰੀ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੇ ਤਹਿਤ ਹੋਈ ਹੈ।

ਜਾਂਚ ਏਜੰਸੀ ਨੇ ਛੇ ਛਾਪੇਮਾਰੀਆ ਵੀਵਾ ਗਰੁੱਪ, ਉਸ ਦੇ ਸਹਿਯੋਗੀ ਅਤੇ ਦੋ ਵਿੱਤੀ ਸਲਾਹਕਾਰਾਂ ਦੇ ਘਰਾਂ ਵਿੱਚ ਵਸਈ-ਵਿਰਾਰ, ਅੰਧੇਰੀ ਅਤੇ ਮੁੰਬਈ ਦੇ ਸਬ-ਅਰਬਨ ਖੇਤਰ ਜੁਹੂ ਅਤੇ ਅਤੇ ਚੈਂਬੂਰ ਵਿਖੇਮਾਰੇ ਹਨ। ਪਤਾ ਲੱਗਾ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਦੋਵਾਂ ਦੇ ਖਿਲਾਫ ਇਹ ਕਾਰਵਾਈ 4300 ਕਰੋੜ ਰੁਪਏ ਦੇ ਪੀ ਐਮ ਸੀ ਬੈਂਕ ਘੋਟਾਲਾ ਕੇਸ ਦੀ ਜਾਂਚ ਵਿੱਚ ਸਹਿਯੋਗ ਨਾ ਕਰਨ ਕਰ ਕੇ ਕੀਤੀ ਹੈ। ਛਾਪੇਮਾਰੀ ਦੌਰਾਨ 73 ਲੱਖ ਰੁਪਏ ਨਕਦ ਅਤੇ ਇਤਰਾਜ਼ਯੋਗ ਡਿਜੀਟਲ ਅਤੇ ਦਸਤਾਵੇਜ਼ੀ ਸਬੂਤ ਮਿਲੇ ਹਨ। ਠਾਕੁਰ ਦੀ ਪਾਰਟੀ ਦੇ ਤਿੰਨ ਵਿਧਾਇਕ ਹਨ, ਜੋ ਇਸ ਰਾਜ ਵਿੱਚ ਸ਼ਿਵ ਸੈਨਾ ਨੇਤਾ ਉਧਵ ਠਾਕਰੇ ਦੀ ਅਗਵਾਈ ਹੇਠਲੀ ਮਹਾ ਵਿਕਾਸ ਅਘਾੜੀ (ਐਮ ਵੀ ਏ) ਸਰਕਾਰ ਨੂੰ ਬਾਹਰ ਤੋਂ ਸਮਰਥਨ ਦੇ ਰਹੀ ਹੈ। ਜਾਂਚ ਏਜੰਸੀ ਨੇ ਪੀ ਐਮ ਸੀ ਬੈਂਕ ਨਾਲ ਕਰਜ਼ਾ ਧੋਖਾਧੜੀ ਵਿੱਚ ਮਨੀ ਲਾਂਡਰਿੰਗ ਦੀ ਜਾਂਚ ਲਈ ਅਕਤੂਬਰ 2019 ਵਿੱਚ ਹਾਊਸਿੰਗ ਡਿਵੈਲਪਮੈਂਟ ਇਨਫਰਾਸਟ੍ਰਕਚਰ ਲਿਮਟਿਡ, ਉਸ ਦੇ ਪ੍ਰਮੋਟਰ ਰਾਕੇਸ਼ ਕੁਮਾਰ ਵਧਾਨ, ਉਸ ਦੇ ਬੇਟੇ ਸਾਰੰਗ ਵਧਾਵਨ, ਸਾਬਕਾ ਚੇਅਰਮੈਨ ਵਰਿਆਮ ਸਿੰਘ ਤੇ ਸਾਬਕਾ ਮੈਨੇਜਿੰਗ ਡਾਇਰੈਕਟਰ ਜਾਇ ਥਾਮਸ ਦੇ ਖਿਲਾਫ ਕੇਸ ਦਰਜ ਕੀਤਾ ਸੀ।

# ਪਾਕਿਸਤਾਨ ਦੇ ਪਹਿਲੇ ਸਿੱਖ ਐਂਕਰ ਨੂੰ ਜੇਲ੍ਹ ਤੋਂ ਧਮਕੀਆਂ



ਨਵੀਂ ਦਿੱਲੀ, 24 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸਿੱਖ ਨਿਊਜ਼ ਐਂਕਰ ਹਰਮੀਤ ਸਿੰਘ ਉਸ ਦੇਸ਼ ਨੂੰ ਛੱਡਣ ਦਾ ਵਿਚਾਰ ਬਣਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ ਬੰਦ ਇੱਕ ਵਿਅਕਤੀ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਵਾਰ ਨੂੰ ਧਮਕੀਆਂ ਦੇ ਰਿਹਾ ਹੈ ਅਤੇ ਪੁਲਸ ਵੱਲੋਂ ਉਸ ਖਿਲਾਫ ਕੋਈ ਕਾਰਵਾਈ ਨਹੀਂ ਹੋ ਰਹੀ। ਇਸ ਸੂਰਤ ਵਿੱਚ ਉਸ ਕੋਲ ਪਾਕਿਸਤਾਨ ਛੱਡਣ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਹੈ। ਹਰਮੀਤ ਸਿੰਘ ਦਾ ਕਹਿਣਾ ਹੈ ਕਿ ਪੁਲਸ ਕਤਲ ਦੇ ਦੋਸ਼ੀ ਇਜਾਜ਼ ਤੇ ਇਬਰਾਹੀਮ ਖਿਲਾਫ ਕਾਰਵਾਈ ਨਹੀਂ ਕਰ ਰਹੀ। ਵਰਨਣਯੋਗ ਹੈ ਕਿ ਪਿਛਲੇ ਸਾਲ ਜਨਵਰੀ 2020 ਵਿੱਚ ਹਰਮੀਤ ਸਿੰਘ ਦੇ ਭਰਾ ਪਰਵਿੰਦਰ ਸਿੰਘ ਦੀ ਪੇਸ਼ਾਵਰ ਵਿੱਚ ਓਦੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਦੋਂ ਉਹ ਆਪਣੇ ਵਿਆਹ ਦੀ ਖਰੀਦਾਰੀ ਕਰਨ ਗਿਆ ਸੀ। ਉਸ ਦੀ ਹੱਤਿਆ ਉਸ ਦੀ ਮੰਗੇਤਰ ਪ੍ਰੇਮ ਕੁਮਾਰੀ ਦੇ ਬੁਆਏਫਰੈਂਡ ਇਜਾਜ਼ ਅਤੇ ਇੱਕ ਹੋਰ ਵਿਅਕਤੀ ਇਬਰਾਹਮ ਨੇ ਕੀਤੀ ਸੀ, ਜਿਸ ਪਿੱਛੋਂ ਪੁਲਸ ਨੂੰ ਉਸ ਦੀ ਲਾਸ਼ ਖੈਬਰ ਏਜੰਸੀ ਦੀ ਚੌਕੀ ਚਮਕਿਨੀ ਪੁਲਸ ਸਟੇਸ਼ਨ ਕੋਲ ਮਿਲੀ ਸੀ।

ਇਸ ਵਕਤ ਹਰਮੀਤ ਸਿੰਘ ਦਾ ਦੋਸ਼ ਹੈ ਕਿ ਉਸ ਜੇਲ੍ਹ ਤੋਂ ਧਮਕੀ ਦੇ ਫੋਨ ਆ ਰਹੇ ਹਨ, ਜਿੱਥੇ ਉਸ ਦੇ ਭਰਾ ਦਾਕਾਤਲ ਬੰਦ ਹੈ। ਪੁਲਸ ਦੇ ਅਵੇਸਲੇਪਣ ਨਾਲ ਮਿਲ ਰਹੇ ਧਮਕੀ ਦੇ ਫੋਨਾਂ ਨੇ ਹਰਮੀਤ ਸਿੰਘ ਨੂੰ ਕਿਸੇ ਹੋਰ ਦੇਸ਼ ਜਾਣ ਲਈ ਮਜਬੂਰ ਕਰ ਦਿੱਤਾ ਹੈ। ਉਸ ਨੇ ਕਿਹਾ ਕਿ ਭਾਰਤ ਵਿੱਚ ਰਹਿਣਾ ਉਨ੍ਹਾਂ ਲਈ ਕੋਈ ਬਦਲ ਨਹੀਂ ਤੇ ਉਹ ਕਿਸੇ ਹੋਰ ਦੇਸ਼ ਬਾਰੇ ਸੋਚਣਗੇ। ਇਸੇ ਦੌਰਾਨਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਪਾਕਿਸਤਾਨੀ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੂੰ ਪੱਤਰ ਲਿਖ ਕੇ ਹਰਮੀਤ ਸਿੰਘ ਤੇ ਉਸ ਦੇ ਪਰਵਾਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ।

# ਇਟਲੀ ’ਚ ਕੋਰੋਨਾ ਦਾ ਕਹਿਰ: ਪਤੀ-ਪਤਨੀ ਸਣੇ ਤਿੰਨ ਪੰਜਾਬੀਆਂ ਦੀ ਮੌਤ



ਰੋਮ, 24 ਜਨਵਰੀ (ਪੋਸਟ ਬਿਊਰੋ)- ਕੋਵਿਡ-19 ਨੇ ਸੰਨ 2020 ’ਚ ਲੱਖਾਂ ਲੋਕਾਂ ਦੀ ਜਾਨ ਲਈ ਤੇ ਲੱਖਾਂ ਹੋਰ ਲੋਕ ਕੋਵਿਡ-19 ਨੂੰ ਹਰਾਉਣ ਵਿੱਚ ਕਾਮਯਾਬ ਵੀ ਰਹੇ ਸਨ। ਕੋਵਿਡ-19 ਦਾ ਖਾਤਮਾ ਕਰਨ ਲਈ ਵਿਸ਼ਵ ਸਿਹਤ ਸੰਗਠਨ ਸਾਰਾ ਤਾਣ ਲਾ ਰਿਹਾ ਹੈ ਤੇ ਇਸ ਤੋਂ ਬਚਾਅ ਲਈ ਦੁਨੀਆ ਦੇ ਕਈ ਦੇਸ਼ਾਂ ਵਿੱਚ ਵੈਕਸੀਨੇਸ਼ਨ ਹੋ ਰਹੀ ਹੈ।

ਇਟਲੀ ਵਿੱਚ ਆਏ ਦਿਨ ਕੋਰੋਨਾ ਵਾਇਰਸ ਦੇ ਨਵੇਂ ਕੇਸਾਂ ਤੇ ਮੌਤਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾਹੈ। ਇਸ ਮਹਾਮਾਰੀ ਦੀ ਲਪੇਟ ਵਿੱਚ ਆਉਣ ਤੋਂ ਭਾਰਤੀ ਭਾਈਚਾਰੇ ਦੇ ਲੋਕ ਵੀ ਨਹੀਂ ਬਚੇ। ਇਟਲੀ ਦੇ ਸ਼ਹਿਰ ਪੋਰਦੇਨੋਨੇ ਦੇ ਕਸਬਾ ਫਿਊਮੈ ਵੇਨੇਤੋ ਦੇ ਵਸਨੀਕ 65 ਸਾਲਾ ਕੁਲਦੀਪ ਸਿੰਘ ਤੇ ਉਨ੍ਹਾਂ ਦੀ ਪਤਨੀ 62 ਸਾਲਾ ਗੁਰਮੀਤ ਕੌਰ ਦੀ ਇੱਕੋ ਦਿਨ ਕੁਝ ਘੰਟਿਆਂ ਦੇ ਫਰਕ ਨਾਲ ਮੌਤ ਹੋਣ ਦੀ ਖਬਰ ਮਿਲੀ ਹੈ।ਇਹ ਬਜ਼ੁਰਗ ਜੋੜਾ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਪਿੰਡ ਕੰਗਰੌੜ ਦਾ ਵਸਨੀਕ ਸੀ। ਤੀਸਰੀ ਮੌਤ 81 ਸਾਲਾ ਬੀਬੀ ਗੁਰਮੇਜ ਕੌਰ ਪਤਨੀ ਰੇਸ਼ਮ ਸਿੰਘ, ਜੋ ਪਿਛਲੇ ਲੰਮੇ ਸਮੇਂ ਤੋਂ ਇਟਲੀ ਦੇ ਜ਼ਿਲ੍ਹਾ ਵੈਨਿਸ (ਵੈਨੇਸੀਆ) ਦੇ ਕਸਬਾ ਪਰਾਨਜੌਰਾ ਵਿਖੇ ਰਹਿੰਦੀ ਸੀ, ਜੋ ਬੀਤੇ ਦਿਨ ਕੋਰੋਨਾ ਨਾਲ ਪੀੜਤ ਹੋਣ ਕਰ ਕੇ ਪ੍ਰਾਣ ਤਿਆਗ ਗਈ। ਮ੍ਰਿਤਕ ਗੁਰਮੇਜ ਕੌਰ ਪੰਜਾਬ ਦੇ ਜ਼ਿਲ੍ਹਾ ਜਲੰਧਰ ਤੇ ਤਹਿਸੀਲ ਫਿਲੌਰ ਦੇ ਪਿੰਡ ਰਾਮਪੁਰ ਦੀ ਵਸਨੀਕ ਸੀ।

# ਭਾਰਤ ਦੇ 1115 ਬੰਨ੍ਹ ਕਰੋੜਾਂ ਲੋਕਾਂ ਦੇ ਲਈ ਵੱਡਾ ਖਤਰਾ ਬਣੇ



ਨਿਊ ਯਾਰਕ, 24 ਜਨਵਰੀ (ਪੋਸਟ ਬਿਊਰੋ)- ਭਾਰਤ, ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਬਣੇ ਸੈਂਕੜੇ ਸਾਲ ਪੁਰਾਣੇ ਬੰਨ੍ਹ ਭਵਿੱਖ ਦੇ ਲਈ ਵੱਡਾ ਖਤਰਾ ਹਨ। ਭੂਚਾਲ ਜਾਂ ਹੋਰ ਕਿਸੇ ਅਣਹੋਣੀ ਦੀ ਸਥਿਤੀ ਵਿੱਚ ਇਹ ਕਰੋੜਾਂ ਲੋਕਾਂ ਦੇ ਜੀਵਨ ’ਤੇ ਖਤਰਾ ਬਣ ਸਕਦੇ ਹਨ। ਇਕੱਲੇ ਭਾਰਤ ਵਿੱਚ ਅਜਿਹੇ ਵੱਡੇ-ਛੋਟੇ ਬੰਨ੍ਹਾਂ ਦੀ ਗਿਣਤੀ 1115 ਹੈ। ਇਹ ਗੱਲ ਯੂ ਐਨ ਓ ਦੀ ਇੱਕ ਵਿਸ਼ੇਸ਼ ਰਿਪੋਰਟ ਵਿੱਚ ਕਹੀ ਗਈ ਹੈ।

ਇਸ ਰਿਪੋਰਟ ਮੁਤਾਬਕ 2050 ਤੱਕ ਦੁਨੀਆ ਦੀ ਬਹੁਤੀ ਆਬਾਦੀ ਨਦੀਆਂ ਦੀ ਡਾਊਨ ਸਟਰੀਮ ਦੇ ਕਿਨਾਰਿਆਂ ’ਤੇ ਵੱਸੀ ਹੋਈ ਹੈ। ਇਸ ਕਾਰਨ ਪੁਰਾਣੇ ਬੰਨ੍ਹਾਂ ਤੋਂ ਉਨ੍ਹਾਂ ਨੂੰ ਭਾਰੀ ਖਤਰਾ ਹੈ। ‘ਏਜਿੰਗ ਵਾਟਰ ਇਨਫਰਾਸਟ੍ਰਕਚਰ-ਐਨ ਇਮਜ਼ਰਿੰਗ ਗਲੋਬਲ ਰਿਸਕ’ ਸਿਰਲੇਖ ਵਾਲੀ ਰਿਪੋਰਟ ਯੂ ਐਨ ਅਤੇ ਕੈਨੇਡਾ ਦੀ ਇੱਕ ਸੰਸਥਾ ਨੇ ਮਿਲ ਕੇ ਬਣਾਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਦੇ ਹਜ਼ਾਰਾਂ ਬੰਨ੍ਹ 2025 ਤੱਕ 50 ਸਾਲ ਜਾਂ ਇਸ ਤੋਂ ਵੱਧ ਪੁਰਾਣੇ ਹੋ ਜਾਣਗੇ। ਇਹ ਸਮਾਂ ਸੀਮਾ ਕਿਸੇ ਵੀ ਬੰਨ੍ਹ ਦੇ ਲਈ ਕਾਫੀ ਹੁੰਦੀ ਹੈ। ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੁਨੀਆ ਦੇ ਕੁੱਲ 58,700 ਬੰਨ੍ਹਾਂ ਵਿੱਚੋਂ ਬਹੁਤੇ 1930 ਤੋਂ 1970 ਵਿਚਾਲੇਬਣੇ ਸਨ। ਇਨ੍ਹਾਂ ਨੂੰ ਪੰਜਾਹ ਤੋਂ 100 ਸਾਲ ਲਈ ਬਣਾਇਆ ਗਿਆ ਸੀ। ਪੱਥਰਾਂ ਨਾਲ ਬਣਿਆ ਬੰਨ੍ਹ ਪੰਜਾਹ ਸਾਲ ਬਾਅਦ ਪੁਰਾਣਾ ਹੋ ਜਾਂਦਾ ਹੈ। ਇਸ ਲਈ ਦੁਨੀਆ ਦੇ ਹਜ਼ਾਰਾਂ ਬੰਨ੍ਹ ਇਸ ਸਮੇਂ ਖਤਰਨਾਕ ਸਥਿਤੀ ਵਿੱਚ ਹਨ, ਉਨ੍ਹਾਂ ਦੀਆਂ ਦੀਵਾਰਾਂ ਟੁੱਟਣ ਦਾ ਖਤਰਾ ਪੈਦਾ ਹੋ ਗਿਆ ਹੈ। ਬਹੁਤੇ ਪੁਰਾਣੇ ਬੰਨ੍ਹਾਂ ਦੀ ਸਾਂਭ-ਸੰਭਾਲ ਦਾ ਖਰਚ, ਉਨ੍ਹਾਂ ਦੀ ਪਾਣੀ ਜਮ੍ਹਾ ਕਰਨ ਦੀ ਸਮਰੱਥਾ ਘੱਟ ਹੋ ਜਾਂਦੀ ਹੈ। ਬਹੁਤ ਸਾਰੇ ਬੰਨ੍ਹ ਕਈ ਦਹਾਕੇ ਪਹਿਲਾਂ ਬਣਾਏ ਗਏ ਸਨ, ਅੱਜਕੱਲ੍ਹ ਬੰਨ੍ਹਾਂ ਦੇ ਆਸ-ਪਾਸ ਹੀ ਨਹੀਂ, ਉਨ੍ਹਾਂ ਦੀ ਡਾਊਨ ਸਟਰੀਮ ਵਿੱਚ ਨਦੀਆਂ ਦੇ ਕਿਨਾਰਿਆਂ ’ਤੇ ਵੱਡੀ ਆਬਾਦੀ ਵੱਸ ਗਈ ਹੈ। ਅਜਿਹੇ ਵਿੱਚ ਬੰਨ੍ਹ ਟੁੱਟਣ ਦੀ ਹਾਲਤ ਵਿੱਚ ਬਹੁਤ ਵੱਡੀ ਆਬਾਦੀ ਤਬਾਹੀ ਦੀ ਸ਼ਿਕਾਰ ਹੋ ਸਕਦੀ ਹੈ। ਰਿਪੋਰਟ ਵਿੱਚ ਇਹ ਗੱਲ ਭਾਰਤ, ਅਮਰੀਕਾ, ਫਰਾਂਸ, ਕੈਨੇਡਾ, ਜਾਪਾਨ, ਜਾਂਬੀਆ ਅਤੇ ਜ਼ਿੰਬਾਬਵੇ ਵਿੱਚ ਬਣੇ ਬੰਨ੍ਹਾਂ ਦਾ ਸਰਵੇ ਕਰਨ ਦੇ ਬਾਅਦ ਕਹੀ ਗਈ ਹੈ।

ਯੂ ਕੇ ਦੇ ਪੁਲਸ ਅਫਸਰ ਨੇ ਕਿਹਾ:

# ਬ੍ਰਿਟੇਨ ਵਿੱਚ ਥੋੜ੍ਹੀ ਗਿਣਤੀ ’ਚ ਸਿੱਖ ਖਾਲਿਸਤਾਨ ਲਈ ਹਿੰਸਕ ਪ੍ਰਚਾਰ ਕਰ ਰਹੇ ਨੇ




ਲੰਡਨ, 24 ਜਨਵਰੀ (ਪੋਸਟ ਬਿਊਰੋ)- ਵੈਸਟ ਮਿਡਲੈਂਡ ਵਿੱਚ ਇਸਲਾਮਿਕ ਅੱਤਵਾਦ ਦਾ ਖਤਰਾ ਸਭ ਤੋਂ ਵੱਧ ਹੈ, ਪਰ ਸੱਜੇ ਪੱਖੀ ਅੱਤਵਾਦ ਸਭ ਤੋਂ ਵੱਧ ਤੇਜ਼ੀ ਨਾਲ ਵੱਧ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਸਹਾਇਕ ਪੁਲਸ ਕਾਂਸਟੇਬਲ ਮੈਟ ਵਾਰਡ ਨੇ ਕੀਤਾ। ਉਨ੍ਹਾਂ ਨੇ ਨਾਲ ਹੀ ਚਿਤਾਵਨੀ ਦਿੱਤੀ ਕਿ ਬਹੁਤ ਹੀ ਘੱਟਗਿਣਤੀ ਵਿੱਚ ਸਿੱਖ ਵੱਖਵਾਦੀ ਕੰਮ ਕਰ ਰਹੇ ਹਨ, ਜੋ ਇੱਕ ਆਜ਼ਾਦ ਸਿੱਖ ਦੇਸ਼ ਲਈ ਹਿੰਸਕ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਕੱਲ੍ਹ ਰਣਨੀਤਕ ਬੋਰਡ ਦੀ ਮੀਟਿੰਗ ਵਿੱਚ ਵੈਸਟ ਮਿਡਲੈਂਡਜ਼ ਦੇ ਅੱਤਵਾਦ ਵਿਰੋਧੀ ਵਿਭਾਗ ਦੇ ਸਾਬਕਾ ਮੁਖੀ ਵਾਰਡ ਨੇ ਪੁਲਸ ਅਤੇ ਕਰਾਈਮ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਵਿੱਚ ਅਜਿਹੇ ਗਰੁੱਪ ਆਜ਼ਾਦ ਦੇਸ਼ ਖਾਲਿਸਤਾਨ ਦੀ ਕਾਇਮੀ ਲਈ ਹਿੰਸਾ ਦੀ ਵਰਤੋਂ ਕਰਨੀ ਚਾਹੁੰਦੇ ਹਨ। ਇਨ੍ਹਾਂ ਵਿੱਚੋਂ ਕੁਝ ਸੰਸਥਾਵਾਂ ਦੇ ਯੂ ਕੇ ਵਿੱਚ ਅਤੇ ਵੈਸਟ ਮਿਡਲੈਂਡ ਵਿੱਚ ਪ੍ਰਤੀਨਿਧ ਹਨ, ਕਿਉਂਕਿ ਸਾਡੇ ਕੋਲ ਇੱਕ ਮਹੱਤਵਪੂਰਨ ਸਿੱਖ ਭਾਈਚਾਰਾ ਹੈ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਥੋੜ੍ਹੀ ਜਿਹੀ ਗਿਣਤੀ ਦੀ ਕੱਟੜਵਾਦ ਵਿਚਾਰਧਾਰਾ ਹੈ। ਵਾਰਡ ਨੇ ਕਿਹਾ ਕਿ ਅਸੀਂ ਯੂ ਕੇ ਦੇ ਭਾਈਵਾਲਾਂ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਮਿਲ ਕੇ ਅਜਿਹੇ ਖਤਰਿਆਂ ਦੀ ਪਛਾਣ ਕਰਦੇ ਹਾਂ ਤੇ ਉਨ੍ਹਾਂ ਨਾਲ ਨਿਪਟਣ ਲਈ ਜ਼ਰੂਰੀ ਅਤੇ ਯੋਗ ਕਾਰਵਾਈ ਕਰਦੇ ਹਾਂ। ਉਨ੍ਹਾਂ ਕਿਹਾ ਕਿ ਜੇ ਇਹ ਲੋਕ ਯੂ ਕੇ ਦੇ ਬਾਹਰ ਕਿਤੇ ਵੀ ਅੱਤਵਾਦੀ ਹਮਲੇ ਦੀ ਯੋਜਨਾ ਬਣਾ ਰਹੇ ਹੋ ਤਾਂ ਇਹ ਯੂ ਕੇ ਵਿੱਚ ਅਪਰਾਧ ਹੈ, ਜਿਸ ਦੀ ਅਸੀਂ ਜਾਂਚ ਕਰਾਂਗੇ। ਬੋਰਡ ਨੂੰ ਪੇਸ਼ ਕੀਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਪਾਸੇ ਇਸਲਾਮੀ ਵਿਚਾਰਧਾਰਾ ਦੀ ਮੌਜੂਦਗੀ ਦੀ ਪਛਾਣ ਕਰਨਾ ਜਾਰੀ ਰੱਖ ਰਹੇ ਹਾਂ। ਰਿਪੋਰਟ ਵਿੱਚ ਵਿਦੇਸ਼ ਯਾਤਰਾ ਕਰਨ ਵਾਲੇ ਕੱਟੜਪੰਥੀਆਂ ਦੇ ਖਤਰੇ ਬਾਰੇ ਵੀ ਕਿਹਾ ਗਿਆ ਹੈ।

ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਭਾਈ ਅਮਰੀਕ ਸਿੰਘ ਗਿੱਲ ਨੇ ਰਿਪੋਰਟ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਰਿਪੋਰਟ ਨਾਲ ਸਿੱਖ ਭਾਈਚਾਰੇ ਅੰਦਰ ਭਾਰੀ ਰੋਸ ਹੈ, ਕਿਉਂਕਿ ਇਹ ਰਿਪੋਰਟ ਉਸ ਦਿਨ ਬਾਹਰ ਆਈ ਹੈ, ਜਦੋਂ ਸਿੱਖ ਭਾਈਚਾਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਪੁਲਸ ਕੋਲ ਅਜਿਹੇ ਸਬੂਤ ਹਨ ਤਾਂ ਕਾਰਵਾਈ ਕਿਉਂ ਨਹੀਂ ਕੀਤੀ। ਗਿੱਲ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਇਸ ਰਿਪੋਰਟ ਪਿੱਛੇ ਵਿਦੇਸ਼ ਮੰਤਰੀ ਡੌਮਨਿਕ ਰਾਬ ਦੀ ਭਾਰਤ ਫੇਰੀ ਅਤੇ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਮੁੱਖ ਕਾਰਨ ਹਨ।

# ਕੇਲਿਆਂ ਦੇ ਓਹਲੇ ਲੁਕੋਈ 76 ਮਿਲੀਅਨ ਪੌਂਡ ਦੀ ਕੋਕੀਨ ਜ਼ਬਤ



ਗਲਾਸਗੋ, 24 ਜਨਵਰੀ (ਪੋਸਟ ਬਿਊਰੋ)- ਯੂ ਕੇ ਵਿੱਚ ਨਸ਼ਿਆਂ ਦੀ ਸਮੱਗਲਿੰਗ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਦੇਸ਼ ਵਿੱਚ ਵਧਦੇ ਨਸ਼ਿਆਂ ਦੇ ਕਾਰੋਬਾਰ ਨੂੰ ਠੱਲ੍ਹ ਪਾਉਣ ਲਈ ਸਰਕਾਰ ਵੱਲੋਂ ਸਖਤ ਯਤਨ ਕੀਤੇ ਜਾ ਰਹੇ ਹਨ।

ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਬਾਰਡਰ ਪੁਲਸ ਨੇ ਸਾਊਥੈਂਪਟਨ ਦੀ ਬੰਦਰਗਾਹ ’ਤੇ ਕੇਲਿਆਂ ਦੇ ਇੱਕ ਟਰੱਕ ਵਿੱਚ ਲੁਕੋ ਕੇ ਯੂਰਪ ਵੱਲ ਭੇਜੀ ਜਾ ਰਹੀ ਕੋਕੀਨ ਦੀ ਇੱਕ ਵੱਡੀ ਖੇਪ ਫੜੀ ਹੈ। ਪੁਲਸ ਅਧਿਕਾਰੀਆਂ ਵੱਲੋਂ ਬੀਤੇ ਸ਼ੁੱਕਰਵਾਰ ਰੋਜ਼ਾਨਾ ਜਾਂਚ ਦੌਰਾਨ ਜ਼ਬਤ ਕੀਤੀ ਗਈ ਕਰੀਬ 946 ਕਿਲੋਗਰਾਮ ਕੋਕੀਨ ਦੀ ਕੀਮਤ ਲਗਭਗ 76 ਮਿਲੀਅਨ ਪੌਂਡ ਦੱਸੀ ਗਈ ਹੈ। ਪੁਲਸ ਨੇ ਦੱਸਿਆ ਕਿ ਵੱਡੀ ਮਾਤਰਾ ਵਿੱਚ ਕੋਕੀਨ ਦੀ ਇਹ ਖੇਪ ਕੋਲੰਬੀਆ ਤੋਂ ਵਪਾਰਕ ਸਮੁੰਦਰੀ ਜਹਾਜ਼ ਵਿੱਚ ਇੱਕ ਕੰਟੇਨਰ ਵਿੱਚ ਲੁਕਾ ਕੇ ਬੈਲਜੀਅਮ ਦੇ ਐਂਟਵਰਪ ਵਿੱਚ ਭੇਜਣ ਦੀ ਸੰਭਾਵਨਾ ਹੈ। ਬਾਰਡਰ ਪੁਲਸ ਦੀ ਇਸ ਕਾਰਵਾਈ ਲਈ ਗ੍ਰਹਿ ਸਕੱਤਰ ਪ੍ਰੀਤੀ ਪਟੇਲ ਨੇ ਅਧਿਕਾਰੀਆਂ ਦੀ ਪ੍ਰਸ਼ੰਸਾ ਕੀਤੀ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਸਤੰਬਰ ਵਿੱਚ ਵੀ ਅਧਿਕਾਰੀਆਂ ਨੇ ਡੋਵਰ ਪੋਰਟ ’ਤੇ ਫਲਾਂ ਦੀਆਂ ਪੇਟੀਆਂ ਵਿੱਚ ਲੁਕੋ ਕੇ ਸਮੱਗਲ ਕੀਤੀ ਜਾ ਰਹੀ ਇੱਕ ਟਨ ਦੇ ਕਰੀਬ ਕੋਕੀਨ ਜ਼ਬਤ ਕੀਤੀ ਸੀ।

# ਸਾਫਟਵੇਅਰ ਇੰਜੀਨੀਅਰ ’ਤੇ ਸੀਕ੍ਰੇਟ ਦਸਤਾਵੇਜ਼ ਚੋਰੀ ਕਰਨ ਦਾ ਦੋਸ਼



ਨਿਊ ਯਾਰਕ, 24 ਜਨਵਰੀ (ਪੋਸਟ ਬਿਊਰੋ)- ਟੈਸਲਾ ਦੇ ਇੱਕ ਸਾਬਕਾ ਸਾਫਟਵੇਅਰ ਇੰਜੀਨੀਅਰ ਉਤੇ ਕੰਪਨੀ ਦੇ ਸੀਕ੍ਰੇਟ ਦਸਤਾਵੇਜ਼ ਚੋਰੀ ਕਰਨ ਦਾ ਦੋਸ਼ ਲੱਗਾ ਹੈ। ਕੰਪਨੀ ਦੀ ਸ਼ਿਕਾਇਤ ’ਤੇ ਕੇਸ ਦਰਜ ਕੀਤਾ ਗਿਆ ਹੈ।

ਇਸ ਇੰਜੀਨੀਅਰ ’ਤੇ ਦੋਸ਼ ਹੈ ਕਿ ਉਸ ਨੇ ਆਪਣੀ ਨਿਯੁਕਤੀ ਦੇ ਤੀਸਰੇ ਦਿਨ ਤੋਂ ਹੀ ਕੰਪਨੀ ਦੀਆਂ ਸੀਕ੍ਰੇਟ ਫਾਈਲਾਂ ਆਪਣੇ ਅਕਾਊਂਟ ਵਿੱਚ ਟਰਾਂਸਫਰ ਕੀਤੀਆਂ ਸਨ। ਕੰਪਨੀ ਦਾ ਕਹਿਣਾ ਹੈ ਕਿ ਇੰਜੀਨੀਅਰ ਅਲੈਕਸ ਖਾਤੀਲੋਵ ਨੇ ਆਪਣੇ ਦੋ ਹਫਤੇ ਦੇ ਕਾਰਜਕਾਲ ਵਿੱਚ, ਜੋ ਛੇ ਫਰਵਰੀ ਨੂੰ ਹੀ ਖਤਮ ਹੋਇਆ ਹੈ, ਟੈਸਲਾ ਦੀਆਂ 6000 ਸਕ੍ਰਿਪਟ, ਫਾਈਲਾਂ ਤੇ ਕੋਡਸ ਚੋਰੀ ਕੀਤੇ ਸਨ। ਇਸ ਮਾਮਲੇ ਵਿੱਚ ਅਮਰੀਕਾ ਦੇ ਡਿਸਟ੍ਰਿਕਟ ਜੱਜ ਯੁਵੋਨ ਗਾਨਜਾਲੇਜ ਰੋਜਰਸ ਨੇ ਅਲੈਕਸ ਦੇ ਅਪਰਾਧ ਨੂੰ ਗੰਭੀਰ ਮੰਨ ਕੇ ਉਸ ਨੂੰ ਗ੍ਰਿਫਤਾਰ ਕਰਨ ਅਤੇ ਚਾਰ ਫਰਵਰੀ ਤੋਂ ਪਹਿਲਾਂ ਸਾਰੇ ਦਸਤਾਵੇਜ਼, ਫਾਈਲਾਂ ਕੰਪਨੀ ਨੂੰ ਵਾਪਸ ਕਰਨ ਦੇ ਹੁਕਮ ਦਿੱਤੇ ਹਨ। ਅਲੈਕਸ, ਟੈਸਲਾ ਦੇ ਉਨ੍ਹਾਂ ਚੋਣਵੇਂ ਕਰਮਚਾਰੀਆਂ ਵਿੱਚੋਂ ਇੱਕ ਸੀ, ਜਿਨ੍ਹਾਂ ਨੂੰ ਕੰਪਨੀ ਦੇ ਸੀਕ੍ਰੇਟ ਡਾਟਾ, ਕੋਡਸ ਨੂੰ ਅਲੈਕਸ ਕਰਨ ਦੀ ਇਜਾਜ਼ਤ ਮਿਲੀ ਹੋਈ ਸੀ। ਟੈਸਲਾ ਦਾ ਕਹਿਣਾ ਹੈ ਕਿ ਅਲੈਕਸ ਨੇ ਪਹਿਲਾਂ ਚੋਰੀ ਦੀ ਗੱਲ ਨਹੀਂ ਮੰਨੀ ਅਤੇ ਫਿਰ ਡਾਟਾ ਡਿਲੀਟ ਕਰਨ ਦੀ ਕੋਸ਼ਿਸ਼ ਵੀ ਕੀਤੀ।

ਟੈਸਲਾ ਨੇ ਕੋਰਟ ਵਿੱਚ ਦੱਸਿਆ ਕਿ ਅੰਦਰੂਨੀ ਜਾਂਚ ਵਿੱਚ ਅਲੈਕਸ ਖਾਤੀਲੋਵ ਦੇ ਪ੍ਰਸਨਲ ਸਟੋਰਾਂ ਤੋਂ ਹਜ਼ਾਰਾਂ ਸੀਕ੍ਰੇਟ ਫਾਈਲਾਂ ਤੇ ਕੋਡਸ ਮਿਲੇ ਹਨ। ਕੰਪਨੀ ਮੁਤਾਬਕ ਇਸ ਕੇਸ ਵਿੱਚ ਇੰਜੀਨੀਅਰ ਦਾ ਜਵਾਬ ਮਿਲਿਆ ਸੀ, ਪਰ ਹਾਲੇ ਅਸੀਂ ਇਹ ਨਹੀਂ ਜਾਣਦੇ ਕਿ ਉਸ ਨੇ ਇਸ ਦੀਆਂ ਕਾਪੀਆਂ ਕਿਸੇ ਨੂੰ ਭੇਜੀਆਂ ਜਾਂ ਨਹੀਂ। ਅਲੈਕਸ ਨੇ ਕਿਹਾ ਕਿ ਮੈਂ ਨਹੀਂ ਜਾਣਦਾ ਕਿ ਉਹ ਇਸ ਨੂੰ ਗੁਪਤ ਕਿਉਂ ਕਹਿੰਦੇ ਹਨ, ਜਦ ਕਿ ਮੇਰੇ ਕੋਲ ਖੁਫੀਆ ਜਾਣਕਾਰੀਆਂ ਹਾਸਲ ਕਰਨ ਦਾ ਐਕਸੈਸ ਹੀ ਨਹੀਂ ਸੀ। ਇਸ ਲਈ ਕੇਸ ਗੰਭੀਰ ਹੋ ਜਾਂਦਾ ਹੈ।

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*

Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

